

**ਵੈੱਬਸਾਈਟ**
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV



**ਅੰਦਰਲੀ ਖ਼ਬਰ**
ਕਨੇਡਾ 'ਚ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਬਣਾਏ ਗਏ ਨਵੇਂ ਨਿਯਮ, ਸਤੰਬਰ ਤੋਂ ਹੋਣਗੇ ਲਾਗੂ — 02

**ਅੰਦਰਲੀ ਖ਼ਬਰ**
ਪੀਐੱਸਬੀ ਸੀਨੀਅਰਜ਼ ਕਲੱਬ ਵੱਲੋਂ 'ਸਿੱਖ ਹੈਰੀਟੇਜ ਡੇਅ' ਨਾਲ ਜੁੜੇ ਸਮਾਗ਼ਮ 'ਚ ਮੈਂਟਲ ਹੈੱਲਥ 'ਤੇ ਸੈਮੀਨਾਰ — 04



**ਲੇਖ**
ਪੰਜਾਬ ਨੂੰ ਕੌਣ, ਕਿਧਰ ਅਤੇ ਕਿਉਂ ਲਿਜਾ ਰਿਹਾ ਹੈ?



PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611
02 ਮਈ ਤੋਂ 04 ਮਈ, 2024
Email :- editor@punjabstar.com, Vo. 20. Issue:1133


# ਕੀਨੀਆ 'ਚ ਹੜ੍ਹ ਨੇ ਮਚਾਈ ਤਬਾਹੀ

## ਮਰਨ ਵਾਲਿਆਂ ਦੀ ਗਿਣਤੀ ਹੋਈ 169



ਪੰਜਾਬ ਸਟਾਰ ਬਿਊਰੋ

ਕੀਨੀਆ : ਕੀਨੀਆ ਦੇ ਕਈ ਹਿੱਸਿਆਂ ਵਿੱਚ ਭਾਰੀ ਮੀਂਹ ਅਤੇ ਭਿਆਨਕ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 169 ਹੋ ਗਈ ਹੈ। ਸਰਕਾਰੀ ਬੁਲਾਰੇ ਨੇ ਸੋਮਵਾਰ ਸ਼ਾਮ ਨੂੰ ਮਰਨ ਵਾਲਿਆਂ ਦੀ ਗਿਣਤੀ ਦੀ ਪੁਸ਼ਟੀ ਕਰਦੇ ਹੋਏ ਕਿਹਾ ਹੈ ਕਿ ਪੱਛਮੀ ਕੀਨੀਆ ਦੇ ਮਾਈ ਮਾਹੀਉ ਸ਼ਹਿਰ ਵਿੱਚ ਸੋਮਵਾਰ ਸਵੇਰੇ ਇੱਕ ਬੰਨ੍ਹ ਟੁੱਟਣ ਨਾਲ 48 ਲੋਕ ਮਾਰੇ ਗਏ ਅਤੇ ਕਈ ਹੋਰ ਜ਼ਖਮੀ ਹੋ ਗਏ।

ਇਸਹਾਕ ਮਵੌਰਾ ਨੇ ਦਾ ਕਹਿਣਾ ਹੈ ਕਿ ਮੀਂਹ ਸ਼ੁਰੂ ਹੋਣ ਤੋਂ ਬਾਅਦ ਅਸੀ 169 ਲੋਕ ਗੁਆ ਚੁੱਕੇ ਹਾਂ। ਸਰਕਾਰ ਨੇ ਲਾਪਤਾ ਲੋਕਾਂ ਨੂੰ ਲੱਭਣ ਲਈ ਖੋਜ ਅਤੇ ਬਚਾਅ ਕਾਰਜ ਤੇਜ਼ ਕਰ ਦਿੱਤੇ ਹਨ। ਪੂਰਬੀ ਅਫ਼ਰੀਕੀ ਦੇਸ਼ ਇਸ ਸਮੇਂ ਐਲ ਨੀਨੋ ਕਾਰਨ ਔਸਤ ਤੋ ਵੱਧ ਮੀਂਹ ਪੈ ਰਿਹਾ। ਕੀਨੀਆ ਦੇ ਮੌਸਮ ਵਿਭਾਗ ਨੇ ਕਿਹਾ ਹੈ ਕਿ ਇਸ ਹਫਤੇ ਭਾਰੀ ਬਾਰਿਸ਼ ਜਾਰੀ ਰਹੇਗੀ, ਜਿਸ ਨਾਲ ਕੁਝ ਇਲਾਕਿਆਂ 'ਚ ਹੜ੍ਹ ਅਤੇ ਜ਼ਮੀਨ ਖਿਸਕਣ ਦੀ ਸੰਭਾਵਨਾ ਹੈ।

# ਦਿੱਲੀ ਦੇ ਕਰੀਬ 100 ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ



ਦਿੱਲੀ ਤੇ ਕੌਮੀ ਰਾਜਧਾਨੀ ਖੇਤਰ ਦੇ ਕਰੀਬ 100 ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣ ਬਾਅਦ ਸਕੂਲਾਂ 'ਚ ਛੁੱਟੀ ਕਰ ਦਿੱਤੀ ਗਈ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਮਯੂਰ ਵਿਹਾਰ ਖੇਤਰ 'ਚ ਸਥਿਤ ਮਦਰ ਮੈਰੀ ਸਕੂਲ, ਦਵਾਰਕਾ 'ਚ ਦਿੱਲੀ ਪਬਲਿਕ ਸਕੂਲ, ਚਾਣਕਿਆਪੁਰੀ 'ਚ ਸੰਸਕ੍ਰਿਤੀ ਸਕੂਲ, ਵਸੰਤ ਕੁੰਜ 'ਚ ਦਿੱਲੀ ਪਬਲਿਕ ਸਕੂਲ, ਸਾਕੇਤ 'ਚ ਐਮਿਟੀ ਸਕੂਲ ਅਤੇ ਨੋਇਡਾ ਸੈਕਟਰ 30 'ਚ ਸਥਿਤ ਦਿੱਲੀ ਪਬਲਿਕ ਸਕੂਲਾਂ ਸਣੇ ਕਰੀਬ 100 ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਈਮੇਲ ਰਾਹੀਂ ਦਿੱਤੀ ਗਈ। ਦਿੱਲੀ ਪੁਲੀਸ ਦੇ ਅਧਿਕਾਰੀਆਂ ਨੇ ਦੱਸਿਆ ਕਿ ਸਾਰੇ ਸਕੂਲ ਖਾਲੀ ਕਰਵਾ ਲਏ ਗਏ ਹਨ ਅਤੇ ਸਥਾਨਕ ਪੁਲੀਸ ਨੂੰ ਈਮੇਲ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਅਧਿਕਾਰੀ ਨੇ ਦੱਸਿਆ ਕਿ ਬੰਬ ਠੁੱਸ ਕਰਨ ਵਾਲਾ ਦਸਤਾ ਅਤੇ ਦਿੱਲੀ ਫਾਇਰ ਸਰਵਿਸ ਦੇ ਅਧਿਕਾਰੀ ਤੁਰੰਤ ਸਕੂਲਾਂ ਵਿੱਚ ਪਹੁੰਚ ਗਏ ਅਤੇ ਤਲਾਸ਼ੀ ਮੁਹਿੰਮ ਜਾਰੀ ਹੈ। ਨੋਇਡਾ ਪੁਲੀਸ ਨੇ ਕਿਹਾ ਕਿ ਸ਼ਹਿਰ ਦੇ ਦਿੱਲੀ ਪਬਲਿਕ ਸਕੂਲ ਦੀਆਂ ਕਲਾਸਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ ਅਤੇ ਪੁਲੀਸ ਬਲ ਤਾਇਨਾਤ ਕੀਤਾ ਗਿਆ ਸੀ।

# ਸਿੱਧੂ ਮੂਸੇਵਾਲਾ ਕਤਲ ਕੇਸ 'ਚ ਸਾਰੇ ਮੁਲਜ਼ਮਾਂ ਖਿਲਾਫ਼ ਦੋਸ਼ ਹੋਏ ਤੈਅ



ਪੰਜਾਬ ਸਟਾਰ ਬਿਊਰੋ

ਸਿੱਧੂ ਮੂਸੇਵਾਲਾ ਕਤਲ ਕੇਸ ਨਾਲ ਜੁੜੀ ਵੱਡੀ ਖਬਰ ਸਾਹਮਣੇ ਆ ਰਹੀ ਹੈ। ਖਬਰ ਹੈ ਕਿ ਸਾਰੇ ਮੁਲਜ਼ਮਾਂ ਖਿਲਾਫ ਦੋਸ਼ ਤੈਅ ਹੋ ਗਏ ਹਨ। ਸਿੱਧੂ ਪਰਿਵਾਰ ਦੇ ਵਕੀਲ ਨੇ ਜਾਣਕਾਰੀ ਦਿੰਦੇ ਦੱਸਿਆ ਕਿ 15 ਮਈ ਤੋਂ ਕੋਰਟ ਵਿਚ ਟ੍ਰਾਇਲ ਸ਼ੁਰੂ ਹੋ ਜਾਵੇਗੀ। ਦੱਸ ਦੇਈਏ ਕਿ ਮੂਸੇਵਾਲਾ ਕੇਸ ਵਿਚ ਹੁਣ ਤੱਕ ਕਾਫੀ ਸੁਣਵਾਈਆਂ ਹੋ ਚੁੱਕੀਆਂ ਹਨ। 31 ਦੋਸ਼ੀਆਂ ਖਿਲਾਫ ਦੋਸ਼ ਪੱਤਰ ਦਾਖਲ ਕੀਤੇ ਗਏ ਹਨ। ਪੁਲਿਸ ਵੱਲੋਂ ਦੋਸ਼ ਤੈਅ ਕਰਾਉਣ ਵਿਚ ਕਾਫੀ ਸਮਾਂ ਲੱਗ ਗਿਆ। ਪਰ ਹੁਣ ਪਰਿਵਾਰ ਨੂੰ ਆਸ ਬੱਝੀ ਹੈ। ਮੂਸੇਵਾਲਾ ਦੇ ਪਿਤਾ ਵੱਲੋਂ ਸੋਸ਼ਲ ਮੀਡੀਆ ਰਾਹੀਂ ਆਪਣੀ ਆਵਾਜ਼ ਪਹੁੰਚਾਈ ਹੈ ਕਿ ਕਾਤਲਾਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ ਤੇ ਇਨਸਾਫ ਦੀ ਮੰਗ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਮੂਸੇਵਾਲਾ ਦੇ ਫੈਨਸ ਅੱਜ ਵੀ ਇਨਸਾਫ ਦੀ ਮੰਗ ਕਰ ਰਹੇ ਹਨ। ਮਾਨਸਾ ਸੈਸ਼ਨ ਕੋਰਟ ਵਿਚ ਅੱਜ ਕੇਸ ਸਬੰਧੀ ਸੁਣਵਾਈ ਹੋਈ ਜਿਸ ਵਿਚ ਦੋਸ਼ ਤੈਅ ਕੀਤੇ ਗਏ ਹਨ। ਹੁਣ ਜਲਦ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ।

# ਮੁਲਜ਼ਮਾਂ 'ਤੇ ਦੋਸ਼ ਤੈਅ ਹੋਣ ਤੋਂ ਬਾਅਦ ਬਲਕੌਰ ਸਿੰਘ ਬੋਲੇ-

## 'ਅੱਜ ਮਨ ਨੂੰ ਰਾਹਤ ਮਿਲੀ ਆ'



ਸਿੱਧੂ ਮੂਸੇਵਾਲਾ ਕਤਲ ਕੇਸ ਨਾਲ ਜੁੜਿਆ ਵੱਡਾ ਅਪਡੇਟ ਸਾਹਮਣੇ ਆਇਆ ਹੈ। ਮਾਨਸਾ ਅਦਾਲਤ ਵੱਲੋਂ ਸਾਰੇ ਮੁਲਜ਼ਮਾਂ ਖ਼ਿਲਾਫ਼ ਦੋਸ਼ ਆਇਦ ਕਰ ਦਿੱਤੇ ਹਨ। ਕੋਰਟ ਵੱਲੋਂ ਮੁਲਜ਼ਮਾਂ ਵੱਲੋਂ ਦਾਇਰ ਅਰਜ਼ੀ ਨੂੰ ਰੱਦ ਕਰ ਦਿੱਤਾ ਗਿਆ ਹੈ ਜਿਸ ਵਿਚ ਉਨ੍ਹਾਂ ਨੇ ਆਪਣੇ ਆਪ ਨੂੰ ਬੇਕਸੂਰ ਦੱਸਿਆ ਸੀ। ਮੁਲਜ਼ਮਾਂ 'ਤੇ ਦੋਸ਼ ਤੈਅ ਹੋਣ ਤੋਂ ਬਾਅਦ ਬਲਕੌਰ ਸਿੰਘ ਦਾ ਪਹਿਲਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਅੱਜ ਮਨ ਨੂੰ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਕੋਰਟ ਨੇ ਅੱਜ ਸਾਰੇ ਮੁਲਜ਼ਮਾਂ ਖਿਲਾਫ ਚਾਰਜ ਫਰੇਮ ਕੀਤੇ ਹਨ। ਕੇਸ ਨੂੰ ਦੇਰੀ ਕਰਨ ਲਈ ਵੱਖ-ਵੱਖ ਦੋਸ਼ੀਆਂ ਵੱਲੋਂ ਅਰਜ਼ੀਆਂ ਪਾਈਆਂ ਜਾ ਰਹੀਆਂ ਸਨ ਤਾਂ ਕਿ ਕੇਸ ਨੂੰ ਲੰਬਾ ਕੀਤਾ ਜਾ ਸਕੇ। ਪਰ ਅੱਜ ਅਦਾਲਤ ਨੇ ਵੱਡਾ ਫੈਸਲਾ ਸੁਣਾਉਂਦੇ ਹੋਏ ਮੁਲਜ਼ਮਾਂ ਖਿਲਾਫ ਦੋਸ਼ ਆਇਦ ਕਰ ਦਿੱਤੇ ਹਨ ਜਿਸ ਨਾਲ ਆਸ ਦੀ ਕਿਰਨ ਬੱਝੀ ਹੈ। ਸਿੱਧੂ ਮੂਸੇਵਾਲਾ ਕਤਲ ਕੇਸ ਦੀ ਅਗਵਾਈ ਕਰ ਰਹੇ ਵਕੀਲ ਨੇ ਦੱਸਿਆ ਕਿ ਹੁਣ ਅਗਲੀ ਸੁਣਵਾਈ 15 ਮਈ 'ਤੇ ਰੱਖੀ ਗਈ ਹੈ ਤੇ 20 ਮਈ ਤੋਂ ਇਸ ਕੇਸ ਦੀ ਰੈਗੂਲਰ ਸੁਣਵਾਈ ਹੋਵੇਗੀ। ਜ਼ਿਕਰਯੋਗ ਹੈ ਕਿ ਮੂਸੇਵਾਲਾ ਦੇ ਮਾਪਿਆਂ ਵੱਲੋਂ ਲਗਾਤਾਰ ਇਨਸਾਫ ਦੀ ਮੰਗ ਕੀਤੀ ਜਾ ਰਹੀ ਹੈ ਕਿ ਮੁਲਜ਼ਮਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।

### ਅਮਰੀਕਾ ਦੇ ਮੀਡੀਏ ਮੁਤਾਬਿਕ

# ਗੈਂਗਸਟਰ ਗੋਲਡੀ ਬਰਾੜ ਦਾ ਹੋਇਆ ਕਤਲ?



ਪੰਜਾਬ ਵਿੱਚ ਪਿਛਲੇ ਸਮੇਂ ਮਸ਼ਹੂਰ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ ਦਾ ਮੁੱਖ ਮੁਲਜ਼ਮ ਨੂੰ ਅਮਰੀਕਾ ਵਿੱਚ ਕਤਲ ਕਰ ਦਿੱਤਾ ਗਿਆ ਹੈ। ਅਮਰੀਕਾ ਦੇ ਮੀਡੀਆ ਰਿਪੋਰਟਾਂ ਅਨੁਸਾਰ ਅਮਰੀਕਾ ਵਿੱਚ ਗੈਂਗਸਟਰ ਗੋਲਡੀ ਬਰਾੜ ਨੂੰ ਗੋਲੀਆਂ ਮਾਰਕੇ ਕਤਲ ਕਰ ਦਿੱਤਾ ਗਿਆ ਹੈ। ਇੱਕ ਅਮਰੀਕੀ ਨਿਊਜ਼ ਚੈਨਲ ਨੇ ਦਾਅਵਾ ਕੀਤਾ ਹੈ ਕਿ ਗੋਲਡੀ ਬਰਾੜ ਨੂੰ ਮੰਗਲਵਾਰ ਸ਼ਾਮ 5:25 ਵਜੇ ਅਮਰੀਕਾ ਦੇ ਫੇਅਰਮੋਂਟ ਤੇ ਹੋਲਟ ਐਵੇਨਿਊ ਵਿੱਚ ਗੋਲੀ ਮਾਰ ਦਿੱਤੀ ਗਈ। ਉਂਝ ਅਜੇ ਤੱਕ ਇਸ ਖਬਰ ਦੀ ਪੁਸ਼ਟੀ ਨਹੀਂ ਹੋ ਸਕੀ। ਮੀਡੀਆ ਰਿਪੋਰਟ ਮੁਤਾਬਕ ਗੋਲਡੀ ਬਰਾੜ ਆਪਣੇ ਇੱਕ ਦੋਸਤ ਨਾਲ ਘਰ ਦੇ ਬਾਹਰ ਗਲੀ ਵਿੱਚ ਖੜ੍ਹਾ ਸੀ। ਇਸ ਦੌਰਾਨ ਕੁਝ ਅਣਪਛਾਤੇ ਲੋਕ ਆਏ ਤੇ ਗੋਲੀਆਂ ਚਲਾ ਕੇ ਫਰਾਰ ਹੋ ਗਏ। ਅਮਰੀਕੀ ਚੈਨਲ ਨੇ ਪੁਲਿਸ ਅਧਿਕਾਰੀ ਲੈਸਲੇ ਵਿਲੀਅਮਜ਼ ਦੇ ਹਵਾਲੇ ਨਾਲ ਦਾਅਵਾ ਕੀਤਾ ਕਿ ਦੋ ਲੋਕਾਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ ਜਿਨ੍ਹਾਂ ਵਿੱਚੋ ਇੱਕ ਦੀ ਮੌਤ ਹੋ ਗਈ ਹੈ।

# ਟੋਰਾਂਟੋ ਡਾਊਨ ਟਾਊਨ ਨਗਰ ਕੀਰਤਨ 'ਚ ਵੱਡੀ ਗਿੱਣਤੀ ਵਿੱਚ ਸੰਗਤਾਂ ਪਹੁੰਚੀਆਂ














ਸਟਾਰ ਨਿਊਜ (ਗੁਰਮੁੱਖ ਬਾਰੀਆ, ਕੁਲਤਰਨ ਪਧਿਆਣਾ):- ਕੈਨੇਡਾ 'ਚ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤ ਮਹੀਨੇ ਵਜੋ ਮਨਾਉਂਦਿਆਂ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਓਨਟਾਰੀਓ ਸਿੱਖਸ ਅਤੇ ਗੁਰਦੁਆਰਾ ਕੌਂਸਲ ਵੱਲੋਂ ਖ਼ਾਲਸੇ ਦੇ ਸਾਜਣਾ ਦਿਵਸ ਦੇ ਸਬੰਧ 'ਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ, ਨਗਰ ਕੀਰਤਨ ਬੈਟਰਲਿਵਿੰਗ ਸੈਂਟਰ ਤੋਂ ਟੋਰਾਂਟੋ ਸਿਟੀ ਹਾਲ ਤੱਕ ਦੇ ਰਾਹ ਵਿੱਚ ਮੀਂਹ ਦੇ ਬਾਵਜੂਦ ਬਹੁਤ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਿੱਸਾ ਲਿਆ। ਪੰਜ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਬੈਟਰਲਿਵਿੰਗ ਸੈਂਟਰ ਤੋਂ ਸ਼ੁਰੂ ਹੋਕੇ ਟੋਰਾਂਟੋ ਸਿਟੀ ਹਾਲ ਵਿੱਖੇ ਜਾਕੇ ਸਮਾਪਤ ਹੋਇਆ। ਨਗਰ ਕੀਰਤਨ ਦੇ ਪੁੱਜਣ ਤੋ ਬਾਅਦ ਸੰਗਤਾਂ ਨੂੰ ਖਾਲਸਾ ਸਾਜਨਾ ਦਿਵਸ ਦੀ ਵਧਾਈ ਦੇਣ ਲਈ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਮੇਅਰ ਇਲੀਵੀਆ ਚਾਓ, ਐਨ੍ ਡੀ.ਪੀ.ਆਗੂ ਜਗਮੀਤ ਸਿੰਘ, ਕੰਸਰਵੇਟਿਵ ਆਗੂ ਪੀਅਰ ਪੋਲੀਵੀਅਰ, ਸਿੱਖ ਭਾਈਚਾਰੇ ਤੋਂ ਸਾਰੇ ਮੈਂਬਰ ਪਾਰਲੀਮੈਂਟ, ਸੂਬਾ ਪਾਰਲੀਮੈਂਟ ਮੈਂਬਰਾਂ ਨੇ ਹਾਜ਼ਰੀ ਲਗਵਾਈ। ਇਸ ਮੌਕੇ ਟੋਰਾਂਟੋ ਸਿਟੀ ਹਾਲ ਦੇ ਬਾਹਰ ਸੰਗਤਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਟੇਜ ਤੋਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ "ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਜਦੋ ਟੋਰਾਂਟੋ ਵਿੱਚ ਸਿੱਖਾਂ ਨੂੰ ਸੰਬੋਧਨ ਕਰਨ ਲਈ ਪੁੱਜੇ ਤਾਂ ਭੀੜ ਵੱਲੋਂ ਜ਼ੋਰਦਾਰ ਖਾਲਿਸਤਾਨ ਪੱਖੀ ਨਾਅਰੇ ਲਾਏ ਗਏ। ਟਰੂਡੋ ਨੇ ਦੇਸ਼ ਦੇ ਸਿੱਖਾਂ ਨੂੰ ਭਰੋਸਾ ਦਿੱਤਾ ਕਿ ਸਰਕਾਰ ਹਰ ਕੀਮਤ 'ਤੇ ਉਨ੍ਹਾਂ ਦੇ ਅਧਿਕਾਰਾਂ ਅਤੇ ਆਜ਼ਾਦੀ ਦੀ ਰਾਖੀ ਲਈ ਹਮੇਸ਼ਾ ਮੌਜੂਦ ਹੈ। ਉਨ੍ਹਾਂ ਕਿਹਾ ਕਿ ਵਿਭਿੰਨਤਾ ਕੈਨੇਡਾ ਦੀ ਸਭ ਤੋਂ ਵੱਡੀ ਤਾਕਤ। ਪ੍ਰਧਾਨ ਮੰਤਰੀ ਨੇ ਟੋਰਾਂਟੋ ਵਿੱਚ ਖਾਲਸਾ ਦਿਵਸ ਸਮਾਰੋਹ ਦੌਰਾਨ ਕਿਹਾ,'ਇਸ ਦੇਸ਼ ਵਿੱਚ ਸਿੱਖ ਵਿਰਾਸਤ ਦੇ ਲਗਪਗ 800000 ਕੈਨੇਡੀਅਨਾਂ ਦੇ ਅਧਿਕਾਰਾਂ ਅਤੇ ਆਜ਼ਾਦੀ ਦੀ ਰਾਖੀ ਲਈ ਹਮੇਸ਼ਾ ਮੌਜੂਦ ਰਹਾਂਗੇ ਅਤੇ ਅਸੀਂ ਹਮੇਸ਼ਾ ਨਫ਼ਰਤ ਅਤੇ ਵਿਤਕਰੇ ਦੇ ਵਿਰੁੱਧ ਤੁਹਾਡੇ ਭਾਈਚਾਰੇ ਦੀ ਰੱਖਿਆ ਕਰਾਂਗੇ।' ਸਟੇਜ ਤੇ ਉਹਨਾਂ ਨਾਲ ਖੜ੍ਹੇ ਟਰਾਂਟੋ ਜੀ ਟੀ ਏ ਦੇ ਕੁਝ ਹੋਰ ਮੈਂਬਰ ਪਾਰਲੀਮੈਂਟ। ਬਾਕੀ ਸਫਾ 2 'ਤੇ


**ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ**
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

**Canada Consumer Credit Assistance** ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888-864-3131
Jasbir Singh Hundal, Registered Credit Counsellor
www.MakeMeDebtFree.ca 416-502-3100
Unit #20 - 7015 Tranmere Drive, Mississauga, ON, L5S 1T7

**A-One Truck & Trailer Repair**
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
ਵਾਜਬ ਕੀਮਤ ਵਧੀਆ ਸਰਵਿਸ
647-808-9569, 416-388-1605
1246 Aimco Blvd, Mississauga, ON L4W 1B2

**Gill Tire Centre**
ਟਰੱਕਾਂ ਦੇ ਟਾਇਰ ਵਾਜਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605

**FOR ALL YOUR REAL ESTATE NEEDS**
ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
Harjit Brar, Sales Representative, 416-417-6010
HOMELIFE HIGHER STANDARDS
HOMELIFE MAPLE LEAF REALTY LTD., BROKERAGE
Ph: 905-456-9090
Vik Mehmi, Broker, 416-500-6262

# ਕਨੇਡਾ 'ਚ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਬਣਾਏ ਗਏ ਨਵੇਂ ਨਿਯਮ, ਸਤੰਬਰ ਤੋਂ ਹੋਣਗੇ ਲਾਗੂ



ਕੈਨੇਡਾ ਸਰਕਾਰ ਵੱਲੋਂ ਭਾਰਤੀ ਵਿਦਿਆਰਥੀਆਂ ਸਮੇਤ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਨਵਾਂ ਨਿਯਮ ਬਣਾਇਆ ਹੈ। ਇਸ ਨਿਯਮ ਤਹਿਤ ਹੁਣ ਅੰਤਰਰਾਸ਼ਟਰੀ ਵਿਦਿਆਰਥੀ ਹਫ਼ਤੇ ਵਿਚ ਸਿਰਫ 24 ਘੰਟੇ ਕਾਲਜ ਕੈਂਪਸ ਤੋਂ ਬਾਹਰ ਕੰਮ ਕਰ ਸਕਦੇ ਹਨ। ਪਹਿਲਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ 20 ਘੰਟਿਆਂ ਤੋਂ ਵੱਧ ਸਮੇਂ ਲਈ ਕੈਂਪਸ ਤੋਂ ਬਾਹਰ ਕੰਮ ਕਰਨ ਦੀ ਇਜਾਜ਼ਤ ਸੀ। ਇਹ ਨਿਯਮ ਸਤੰਬਰ ਤੋਂ ਲਾਗੂ ਹੋ ਜਾਵੇਗਾ।

ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਮੰਤਰੀ ਮਾਰਕ ਮਿਲਰ ਨੇ ਸੋਮਵਾਰ ਨੂੰ ਇੱਕ ਪ੍ਰੈਸ ਬਿਆਨ ਵਿੱਚ ਕਿਹਾ, ਵਿਦਿਆਰਥੀਆਂ ਨੂੰ ਕੈਂਪਸ ਤੋਂ ਬਾਹਰ ਹਫ਼ਤੇ ਵਿੱਚ 20 ਘੰਟੇ ਤੋਂ ਵੱਧ ਕੰਮ ਕਰਨ ਦੀ ਇਜਾਜ਼ਤ ਦੇਣ ਵਾਲੀ ਅਸਥਾਈ ਨੀਤੀ 30 ਅਪ੍ਰੈਲ, 2024 ਨੂੰ ਖ਼ਤਮ ਹੋ ਜਾਵੇਗੀ ਅਤੇ ਇਸ ਨੂੰ ਅੱਗੇ ਨਹੀ ਵਧਾਇਆ ਜਾਵੇਗਾ। ਉਨ੍ਹਾਂ ਆਖਿਆ ਕਿ ਸਾਡਾ ਉਦੇਸ਼ ਵਿਦਿਆਰਥੀਆਂ ਦੇ ਕੈਂਪਸ ਤੋਂ ਬਾਹਰ ਕੰਮ ਕਰਨ ਦੇ ਘੰਟਿਆਂ ਦੀ ਗਿਣਤੀ ਨੂੰ ਹਫ਼ਤੇ ਵਿੱਚ 24 ਘੰਟੇ ਤੱਕ ਲਿਆਉਣਾ ਹੈ ਤਾਂ ਜੋ ਉਹ ਆਪਣੀ ਪੜ੍ਹਾਈ ਵੱਲ ਜ਼ਿਆਦਾ ਧਿਆਨ ਕੇਂਦਰਤ ਕਰ ਸਕਣ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਨੇ ਕੋਵਿਡ-19 ਮਹਾਂਮਾਰੀ ਦੌਰਾਨ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਕੰਮ ਦੇ ਘੰਟਿਆਂ ਦੀ 20 ਘੰਟੇ ਦੀ ਸੀਮਾ ਅਸਥਾਈ ਤੌਰ ਤੇ ਮੁਆਫ਼ ਕਰ ਦਿੱਤੀ ਸੀ ਤਾਂ ਜੋ ਦੇਸ਼ ਨੂੰ ਦਰਪੇਸ਼ ਮਜ਼ਦੂਰਾਂ ਦੀ ਕਮੀ ਨੂੰ ਦੂਰ ਕੀਤਾ ਜਾ ਸਕੇ। ਗੌਰਤਲਬ ਹੈ ਕਿ ਕੈਨੇਡਾ ਭਾਰਤੀ ਵਿਦਿਆਰਥੀਆਂ ਲਈ ਸਭ ਤੋਂ ਵੱਧ ਪੰਸਦੀਦਾ ਥਾਵਾਂ ਵਿੱਚੋਂ ਇੱਕ ਹੈ। ਕੈਨੇਡੀਅਨ ਬਿਊਰੋ ਫਾਰ ਇੰਟਰਨੈਸ਼ਨਲ ਐਜੂਕੇਸ਼ਨ (CBIE) ਦੀ 2022 ਦੀ ਰਿਪੋਰਟ ਅਨੁਸਾਰ ਕੈਨੇਡਾ ਵਿੱਚ 3,19,130 ਭਾਰਤੀ ਵਿਦਿਆਰਥੀ ਸਨ। ਕੈਨੇਡਾ ਵਿੱਚ ਸਥਿਤ ਕਾਲਜਾਂ ਅਤੇ ਯੂਨੀਵਰਸਿਟੀਆਂ ਦੋਵਾਂ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਵਿੱਚ ਜ਼ਿਆਦਾਤਰ ਸੀਟਾਂ ਭਾਰਤੀਆਂ ਕੋਲ ਹਨ।




## ਸਫਾ 1 ਦੀ ਬਾਕੀ
## ਟੋਰਾਂਟੋ ਡਾਊਨ ਟਾਊਨ ਨਗਰ ਕੀਰਤਨ...

ਨਗਰ ਕੀਰਤਨ ਸਮੇਂ ਕੈਨੇਡਾ ਸਰਕਾਰ ਦੇ ਆਪੋਜੀਸ਼ਨ ਨੇਤਾ ਅਤੇ ਆਉਣ ਵਾਲੀਆਂ ਫੈਡਰਲ ਕੈਨੇਡੀਅਨ ਚੋਣਾਂ 'ਚ ਜਿੱਤ ਹਾਸਲ ਕਰਕੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਦਾਅਵੇਦਾਰ ਪੀਅਰ ਪੌਲੀਏਵ ਵੀ ਪਹੁੰਚੇ ਹੋਏ ਸਨ, ਉਨ੍ਹਾਂ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ "ਸਭ ਕੁਝ ਟੁੱਟਾ ਪਿਆ ਹੈ। ਸਾਡੇ 20 ਲੱਖ ਲੋਕ ਭੁੱਖੇ ਫੂਡ ਬੈਂਕਾਂ ਦੀ ਕਤਾਰ ਵਿੱਚ ਹਨ; ਅੱਧੇ ਕੈਨੇਡੀਅਨ ਆਪਣੀ ਸਿਹਤ ਨੂੰ ਖਤਰੇ ਵਿੱਚ ਪਾਕੇ ਉਹ ਭੋਜਨ ਖਾਂਦੇ ਹਨ ਜੋ ਸੜਿਆ ਹੋਇਆ ਹੈ, ਜਾਂ ਬਹੁਤ ਪੁਰਾਣਾ ਹੈ। ਅਸੀਂ ਘਰਾਂ ਦੇ ਖਰਚੇ ਦੇਖਦੇ ਹਾਂ ਜੋ ਪਿਛਲੇ ਨੌਂ ਭਿਆਨਕ ਸਾਲਾਂ ਵਿੱਚ ਦੁੱਗਣੇ ਹੋ ਗਏ ਹਨ। ਅਪਰਾਧ, ਹਫੜਾ-ਦਫੜੀ, ਨਸ਼ੇ ਅਤੇ ਵਿਗਾੜ, ਰੰਗਦਾਰੀ, ਕਾਰ ਚੋਰੀ, ਅਤੇ ਇੱਥੋਂ ਤੱਕ ਕਿ ਕਤਲ ਵੀ ਬਿਨਾਂ ਕਿਸੇ ਰੋਕ ਟੋਕ ਦੇ ਵਧ ਰਹੇ ਹਨ। ਲੋਕਾਂ ਨੇ ਕਦੇ ਵੀ ਇੰਨਾ ਖ਼ਤਰਾ ਮਹਿਸੂਸ ਨਹੀਂ ਕੀਤਾ ਜਿੰਨਾਂ ਉਹ ਨੌਂ ਸਾਲਾਂ ਬਾਅਦ ਮਹਿਸੂਸ ਕਰ ਰਹੇ ਹਨ। ਪਰ ਚੰਗੀ ਖ਼ਬਰ ਇਹ ਹੈ ਕਿ ਜ਼ਿੰਦਗੀ ਪਹਿਲਾਂ ਇਸ ਤਰ੍ਹਾਂ ਦੀ ਨਹੀਂ ਸੀ ਅਤੇ ਇਹ ਬਾਅਦ ਵਿਚ ਇਸ ਤਰ੍ਹਾਂ ਦੀ ਨਹੀਂ ਹੋਵੇਗੀ। ਅਸੀਂ ਉਨ੍ਹਾਂ ਮਹਾਨ ਸਿੱਖ ਕਦਰਾਂ-ਕੀਮਤਾਂ 'ਤੇ ਭਰੋਸਾ ਰੱਖਾਂਗੇ ਜੋ ਗੁਰੂ ਗੋਬਿੰਦ ਸਿੰਘ ਨੇ ਸਾਨੂੰ ਦਿੱਤੀਆਂ, ਆਮ ਲੋਕਾਂ ਲਈ ਬਰਾਬਰੀ ਦੀਆਂ ਕਦਰਾਂ-ਕੀਮਤਾਂ। ਗੁਰੂ ਜੀ ਨੇ ਕਿਹਾ ਕਿ ਕੋਈ ਜ਼ਾਤ-ਪਾਤ ਨਹੀ ਹੋਣੀ ਚਾਹੀਦੀ, ਕੋਈ ਵੀ ਸਿਖਰ 'ਤੇ ਬੈਠਾ ਲੋਕਾਂ 'ਤੇ ਹੁਕਮ ਨਹੀਂ ਚਲਾ ਸਕਦਾ।

ਨਗਰ ਕੀਰਤਨ ਤੋਂ ਕੁਝ ਸਮਾਂ ਪਹਿਲਾਂ ਸਕੂਲ ਦੇ ਬੱਚਿਆਂ ਦਾ ਬੈਂਡ ਕਾਫੀ ਆਕਰਸ਼ਿਤ ਰਿਹਾ। ਸਿੱਖ ਮੋਟਰਸਾਈਕਲ ਕਲੱਬ ਵੱਲੋਂ ਹਰ ਸਾਲ ਵਾਂਗ ਇਸ ਵਾਰ ਵੀ ਮੋਟਰਸਾਈਕਲ ਰਾਈਡ ਕੱਢੀ ਗਈ ਅਤੇ ਨੌਜਵਾਨਾਂ ਦਸਤਾਰ ਸਿਖਲਾਈ ਵੀ ਦਿੱਤੀ ਗਈ। ਹਰ ਸਾਲ ਦੀ ਤਰਾਂ ਇਸ ਸਾਲ ਵੀ ਸਟੇਜ ਦੇ ਸਾਹਮਣੇ ਸੰਗਤਾਂ ਵੱਲੋਂ 'ਖਾਲਸੇ' ਦੇ ਝੰਡੇ ਲਹਿਰਾਏ ਗਏ। ਨਗਰ ਕੀਰਤਨ ਦੇ ਪ੍ਰਬੰਧ ਲਈ ਓਨਟਾਰੀਓ ਸਿੱਖਸ ਅਤੇ ਗੁਰਦੁਆਰਾ ਕੌਂਸਲ ਦੇ ਪ੍ਰਧਾਨ ਓਂਕਾਰ ਸਿੰਘ ਗਰੇਵਾਲ ਅਤੇ ਸਮੁੱਚੀ ਮੈਨੇਜਮੈਂਟ ਨੂੰ ਬਹੁਤ ਵਧਾਈ।

# ਪੰਜਾਬੀ ਨੌਜਵਾਨ ਨੇ ਵਿਦੇਸ਼ 'ਚ ਗੱਡੇ ਝੰਡੇ
## ਨਿਊਜ਼ੀਲੈਂਡ ਪੁਲਿਸ 'ਚ ਬਣਿਆ ਕਰੈਕਸ਼ਨ ਅਫ਼ਸਰ



ਗੜ੍ਹਸ਼ੰਕਰ ਦੇ ਕਸਬਾ ਸੈਲਾ ਖ਼ੁਰਦ ਦੇ ਇੱਕ ਪੰਜਾਬੀ ਨੌਜਵਾਨ ਨੇ ਨਿਊਜ਼ੀਲੈਂਡ ਵਿੱਚ ਪੰਜਾਬ ਦਾ ਮਾਣ ਵਧਾਇਆ ਹੈ। ਦਰਅਸਲ, ਪੰਜਾਬੀ ਨੌਜਵਾਨ ਸਤਿਅਮ ਗੌਤਮ ਨਿਊਜ਼ੀਲੈਂਡ ਪੁਲਿਸ ਵਿੱਚ ਕਰੈਕਸ਼ਨ ਅਫ਼ਸਰ ਬਣ ਗਿਆ ਹੈ। ਸਤਿਅਮ ਆਪਣੀ ਭੈਣ ਨੂੰ ਮਿਲਣ ਲਈ ਵਿਜ਼ਟਰ ਵੀਜ਼ੇ 'ਤੇ ਗਿਆ ਸੀ। ਸਤਿਅਮ ਗੌਤਮ ਪੁੱਤਰ ਨਰਿੰਦਰ ਗੌਤਮ ਜ਼ਿਲ੍ਹੇ ਦਾ ਪਹਿਲਾ ਨੌਜਵਾਨ ਹੈ, ਜਿਸ ਨੂੰ ਨਿਊਜ਼ੀਲੈਂਡ ਪੁਲਿਸ ਵਿੱਚ ਕਰੈਕਸ਼ਨ ਅਧਿਕਾਰੀ ਅਤੇ ਗ੍ਰੈਜੂਏਟ ਵਜੋਂ ਭਰਤੀ ਕੀਤਾ ਗਿਆ ਹੈ। ਸਤਿਅਮ 5 ਅਗਸਤ 2023 ਨੂੰ ਆਪਣੀ ਭੈਣ ਨੂੰ ਮਿਲਣ ਲਈ ਨਿਊਜ਼ੀਲੈਂਡ ਗਿਆ ਸੀ। ਜਦੋਂ ਸਤਿਅਮ ਜੇਲ੍ਹ ਅਧਿਕਾਰੀ ਵਜੋਂ ਤਾਇਨਾਤ ਆਪਣੇ ਜੀਜਾ ਅਕਸ਼ੇ ਕੁਮਾਰ ਨਾਲ ਜੇਲ੍ਹ ਗਿਆ ਤਾਂ ਜੇਲ੍ਹ ਅਧਿਕਾਰੀ ਨੇ ਸਤਿਅਮ ਦੀ ਬਾਡੀ ਫਿਟਨੈੱਸ ਨੂੰ ਵੇਖਦਿਆਂ ਕਿਹਾ ਕਿ ਸਾਨੂੰ ਅਜਿਹੇ ਪੁਲਿਸ ਅਧਿਕਾਰੀਆਂ ਦੀ ਜ਼ਰੂਰਤ ਹੈ, ਜਿਸ ਦੇ ਲਈ ਉਨ੍ਹਾਂ ਪੁਲਿਸ ਵਿੱਚ ਨੌਕਰੀ ਲਈ ਅਰਜ਼ੀ ਦੇਣ ਲਈ ਅਪੀਲ ਕੀਤੀ।

ਸਤਿਅਮ ਨੇ ਅਪਲਾਈ ਕਰਨ ਤੋਂ ਬਾਅਦ ਲਿਖਤੀ ਪ੍ਰੀਖਿਆ ਅਤੇ ਸਰੀਰਕ ਪ੍ਰੀਖਿਆ ਪਾਸ ਕੀਤੀ। ਮੈਡੀਕਲ ਰਿਪੋਰਟ ਦੇ ਨਤੀਜੇ ਵਜੋਂ ਇੱਕ ਸ਼ਾਕਾਹਾਰੀ ਅਲਕੋਹਲ ਮੁਕਤ ਸਰੀਰ ਨਿਕਲਿਆ, ਜਿਸ ਤੋਂ ਬਾਅਦ ਨਿਊਜ਼ੀਲੈਂਡ ਪੁਲਿਸ ਨੇ ਸਤਿਅਮ ਨੂੰ 5 ਸਾਲ ਦਾ ਵਰਕ ਵੀਜ਼ਾ ਦਿੱਤਾ ਅਤੇ ਕਰੈਕਸ਼ਨ ਅਧਿਕਾਰੀ ਅਤੇ ਗ੍ਰੈਜੂਏਟ ਦੀ ਡਿਗਰੀ ਪ੍ਰਦਾਨ ਕੀਤੀ। ਪਿੰਡ ਸੈਲਾ ਖੁਰਦ ਦੇ ਵਸਨੀਕ ਨਰਿੰਦਰ ਕੁਮਾਰ ਗੌਤਮ ਅਤੇ ਅੰਜਨਾ ਗੌਤਮ ਪੁੱਤਰ ਨੂੰ ਵੇਖ ਕੇ ਖ਼ੁਸ਼ ਹਨ। ਇਹ ਪਹਿਲੀ ਵਾਰ ਹੈ ਕਿ ਵਿਜ਼ਟਰ ਵੀਜ਼ੇ 'ਤੇ ਕਿਸੇ ਨੌਜਵਾਨ ਨੂੰ ਵਿਦੇਸ਼ ਵਿੱਚ ਪੁਲਿਸ ਅਫ਼ਸਰ ਵਜੋਂ ਭਰਤੀ ਕੀਤਾ ਗਿਆ ਹੈ। ਸਤਿਅਮ ਗੌਤਮ ਨਿਊਜ਼ੀਲੈਂਡ ਵਿੱਚ ਕਰੈਕਸ਼ਨ ਅਫ਼ਸਰ ਬਣਨ 'ਤੇ ਇਲਾਕੇ ਵਿਚ ਖ਼ੁਸ਼ੀ ਦਾ ਮਾਹੌਲ ਪਾਇਆ ਜਾ ਰਿਹਾ ਹੈ ਅਤੇ ਵਧਾਈ ਦੇਣ ਵਾਲਿਆਂ ਦਾ ਤਾਂਤਾ ਲੱਗਾ ਹੋਇਆ ਹੈ। ਦੱਸ ਦੇਈਏ ਕਿ ਸਤਿਅਮ ਨੇ 12ਵੀਂ ਤੱਕ ਮਾਹਿਲਪੁਰ ਤੋਂ ਪੜ੍ਹਾਈ ਕੀਤੀ ਅਤੇ ਹੁਸ਼ਿਆਰਪੁਰ ਤੋਂ ਭਬਅ ਵਿਜ਼ਟਰ ਵੀਜ਼ਾ 'ਤੇ ਜਾਣ ਤੋਂ ਪਹਿਲਾਂ ਉਹ ਭਅ.ਕਰ ਰਿਹਾ ਸੀ। ਕਾਲਜ ਵਿੱਚ ਸਤਿਅਮ ਨੂੰ ਮਿਸਟਰ ਪਰਫੈਕਟ ਦਾ ਖਿਤਾਬ ਵੀ ਮਿਲਿਆ ਹੈ। ਸਤਿਅਮ ਨੂੰ ਜਿੰਮ ਦਾ ਸ਼ੌਕ ਸੀ ਅਤੇ ਉਸ ਨੇ ਹਰਬਲ ਲਾਈਫ ਡਾਇਟੀਸ਼ੀਅਨ ਦਾ ਕੋਰਸ ਕੀਤਾ ਸੀ। ਉਹ ਆਪਣੀ ਮਾਂ ਨਾਲ ਹਰਬਲ ਲਾਈਫ ਕਾਸਮੈਟਿਕ ਅਤੇ ਗਹਿਣਿਆਂ ਦੀ ਦੁਕਾਨ 'ਤੇ ਕੰਮ ਕਰਦਾ ਸੀ। ਸਤਿਅਮ ਦੇ ਪਿਤਾ ਨਰਿੰਦਰ ਗੌਤਮ ਦਾ ਸੈਲਾਖੁਰਦ ਵਿੱਚ ਇਸਦਾ ਆਪਣਾ ਜਨਰਲ ਸਟੋਰ ਹੈ।

## ਪਹਾੜੀ ਮੁਸਲਮਾਨਾਂ ਨੂੰ 'ਧਮਕੀ' ਦੇਣ ਵਾਲੇ ਭਾਜਪਾ ਨੇਤਾ ਨੂੰ ਹੋਣੀ ਚਾਹੀਦੀ ਹੈ ਜੇਲ੍ਹ: ਮਹਿਬੂਬਾ ਮੁਫਤੀ



ਰਾਜੌਰੀ/ਜੰਮੂ- ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀਡੀਪੀ) ਦੀ ਮੁਖੀ ਮਹਿਬੂਬਾ ਮੁਫਤੀ ਨੇ ਬੁੱਧਵਾਰ ਨੂੰ ਕਿਹਾ ਕਿ ਜੰਮੂ-ਕਸ਼ਮੀਰ ਦੀ ਅਨੰਤਨਾਗ-ਰਾਜੌਰੀ ਲੋਕ ਸਭਾ ਸੀਟ 'ਤੇ ਪਹਾੜੀ ਮੁਸਲਮਾਨਾਂ ਨੂੰ ਕਥਿਤ ਤੌਰ 'ਤੇ ਧਮਕਾਉਣ ਵਾਲੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੇਤਾ ਦੇ ਖ਼ਿਲਾਫ਼ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂਏਪੀਏ) ਤਹਿਤ ਕੇਸ ਦਰਜ ਕਰਕੇ ਜੇਲ੍ਹ ਭੇਜਿਆ ਜਾਣਾ ਚਾਹੀਦਾ ਹੈ। ਭਾਜਪਾ ਨੇ ਮੰਗਲਵਾਰ ਨੂੰ ਪੁੰਛ ਜ਼ਿਲ੍ਹੇ ਦੇ ਬੁਲਾਰੇ ਸਤੀਸ਼ ਭਾਰਗਵ ਨੂੰ ਪੁੰਛ ਜ਼ਿਲ੍ਹੇ ਵਿੱਚ ਇੱਕ ਚੋਣ ਰੈਲੀ ਦੌਰਾਨ "ਨਫ਼ਰਤ ਭਰੇ ਭਾਸ਼ਣ" ਅਤੇ "ਇਤਰਾਜ਼ਯੋਗ ਭਾਸ਼ਾ ਦੀ ਵਰਤੋਂ" ਲਈ ਪਾਰਟੀ ਵਿੱਚੋਂ ਕੱਢ ਦਿੱਤਾ। ਮੁਫਤੀ ਨੇ ਇੱਥੇ ਪੱਤਰਕਾਰਾਂ ਨੂੰ ਕਿਹਾ ਕਿ ਭਾਰਗਵ 'ਤੇ ਯੂਏਪੀਏ ਤਹਿਤ ਮਾਮਲਾ ਦਰਜ ਕਰਕੇ ਦਿੱਲੀ ਦੀ ਤਿਹਾੜ ਜੇਲ੍ਹ ਭੇਜ ਦਿੱਤਾ ਜਾਣਾ ਚਾਹੀਦਾ ਹੈ।









# ਪੀਐੱਸਬੀ ਸੀਨੀਅਰਜ਼ ਕਲੱਬ ਵੱਲੋਂ 'ਸਿੱਖ ਹੈਰੀਟੇਜ ਡੇਅ' ਨਾਲ ਜੁੜੇ ਸਮਾਗ਼ਮ 'ਚ ਮੈਂਟਲ ਹੈਲਥ 'ਤੇ ਸੈਮੀਨਾਰ




ਬਰੈਂਪਟਨ, (ਡਾ. ਝੰਡ) -ਪੀਐੱਸਬੀ ਸੀਨੀਅਰਜ਼ ਕਲੱਬ ਕੈਨੇਡਾ ਵੱਲੋ ਲੰਘੇ ਸ਼ਨੀਵਾਰ 27 ਅਪ੍ਰੈਲ ਨੂੰ ਸੈਂਚਰੀ ਗਾਰਡਨਜ਼ ਰੀਕਰੀਏਸ਼ਨ ਸੈਂਟਰ ਵਿਖੇ 'ਸਿੱਖ ਹੈਰੀਟੇਜ ਡੇਅ'ਨਾਲ ਜੋੜ ਕੇ ਕਰਵਾਏ ਗਏ ਸਮਾਗ਼ਮ ਵਿਚ ਮੈਂਟਲ ਹੈਲਥ 'ਤੇ ਸੈਮੀਨਾਰ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਸੈਮੀਨਾਰ ਦੇ ਮੁੱਖ-ਬੁਲਾਰੇ ਉੱਘੇ ਸਿੱਖ ਵਿਦਵਾਨ ਤੇ ਕਥਾਕਾਰ ਡਾ. ਗੁਲਜ਼ਾਰ ਸਿੰਘ ਸਨ। ਪ੍ਰੋਗਰਾਮ ਦਾ ਆਰੰਭ ਬਜਿੰਦਰ ਸਿੰਘ ਮਰਵਾਹਾ ਤੇ ਜੋਗਿੰਦਰ ਕੌਰ ਮਰਵਾਹਾ ਵੱਲੋ ਗਾਏ ਗਏ ਸ਼ਬਦ "ਦੇਹ ਸ਼ਿਵਾ ਬਰ ਮੋਹੇ ਇਹੈ ਸ਼ੁਭ ਕਰਮਨ 'ਤੇ ਕਬਹੂ ਨਾ ਟਰੋਂ" ਨਾਲ ਕੀਤੀ ਗਈ। ਉਪਰੰਤ, ਕਲੱਬ ਦੇ ਪ੍ਰਧਾਨ ਗੁਰਚਰਨ ਸਿੰਘ ਖੱਖ ਨੇ ਸਿੱਖ ਹੈਰੀਟੇਜ ਡੇਅ ਦੇ ਪਿਛੋਕੜ 'ਚ ਜਾਂਦਿਆਂ 1699 ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖਾਲਸਾ ਸਿਰਜਣ ਦੀ ਪ੍ਰਕਿਰਿਆ ਅਤੇ ਇਸ ਦੀ ਅਹਿਮੀਅਤ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ।

ਸੈਮੀਨਾਰ ਦੀ ਸ਼ੁਰੂਆਤ ਕਰਦਿਆਂ ਡਾ. ਗੁਲਜ਼ਾਰ ਸਿੰਘ ਹੁਰਾਂ ਵੱਲੋ ਮਨੁੱਖੀ ਮਨ ਦੀਆਂ ਗੁੰਝਲਾਂ ਤੇ ਦਿਮਾਗ਼ੀ ਪ੍ਰੇਸ਼ਾਨੀਆਂ ਬਾਰੇ ਗੱਲ ਕਰਦਿਆਂ ਹੋਇਆਂ ਗੁਰਬਾਣੀ ਦੀ ਰੌਸ਼ਨੀ ਵਿੱਚ ਮਾਨਸਿਕ ਸਿਹਤ ਅਤੇ ਮਾਨਸਿਕ ਬੀਮਾਰੀ ਦੇ ਅੰਤਰ ਦਾ ਭਾਵਪੂਰਤ ਵਿਸ਼ਲੇਸ਼ਣ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਰੋਜ਼ਾਨਾਂ ਜ਼ਿੰਦਗੀ ਵਿੱਚ ਵਾਪਰਦੀਆਂ ਘਟਨਾਵਾਂ ਨੂੰ ਮਾਨਸਿਕ ਸਿਹਤ ਦੇ ਸੰਦਰਭ ਵਿੱਚ ਬੜੇ ਰੌਚਿਕ ਢੰਗ ਨਾਲ ਬਿਆਨ ਕਰਦਿਆਂ ਸਰੋਤਿਆਂ ਨੂੰ ਕੀਲ ਕੇ ਬਿਠਾਈ ਰੱਖਿਆ। ਆਪਣੇ ਕਈ ਕਥਨਾਂ ਦੀ ਵਿਆਖਿਆ ਉਨ੍ਹਾਂ ਵੱਲੋ ਗੁਰਬਾਣੀ ਦੀਆਂ ਕਈ ਤੁਕਾਂ ਦੇ ਹਵਾਲਿਆਂ ਨਾਲ ਕੀਤੀ ਗਈ। ਇਸ ਦੌਰਾਨ ਸਰੋਤਿਆਂ ਵਿੱਚੋ ਕਈ ਮੈਂਬਰਾਂ ਵੱਲੋ ਕੀਤੇ ਗਏ ਸੁਆਲਾਂ ਤੇ ਸ਼ੰਕਿਆਂ ਦੇ ਜੁਆਬ ਉਨ੍ਹਾਂ ਵੱਲੋ ਸਿੱਖ ਫ਼ਲਸਫ਼ੇ ਦੀ ਰੌਸ਼ਨੀ ਵਿਚ ਦਿੱਤੇ ਗਏ। ਇਸ ਸਮਾਗ਼ਮ ਵਿਚ ਮੈਂਬਰ ਪਾਰਲੀਮੈਂਟ ਸ਼ਫ਼ਕਤ ਅਲੀ, ਐੱਮ.ਪੀ.ਪੀ. ਅਮਰਜੋਤ ਸੰਧੂ ਅਤੇ ਰੀਜਨਲ ਕੌਂਸਲਰ ਪਾਲ ਵਿਸੈਂਟ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਅਤੇ ਹਾਜ਼ਰ ਮੈਂਬਰਾਂ ਨੂੰ ਸਿੱਖ ਹੈਰੀਟੇਜ ਡੇਅ ਦੀਆਂ ਵਧਾਈਆਂ ਦਿੱਤੀਆਂ। ਐੱਮ. ਪੀ. ਸ਼ਫ਼ਕਤ ਅਲੀ ਤੇ ਐੱਮ.ਪੀ.ਪੀ. ਅਮਰਜੋਤ ਸੰਧੂ ਨੂੰ ਸਾਂਝੇ ਤੌਰ 'ਤੇ ਸੰਬੋਧਿਤ ਹੋ ਕੇ ਮਲੂਕ ਸਿੰਘ ਕਾਹਲੋਂ ਵੱਲੋ ਕੀਤੇ ਗਏ ਇੱਕ ਸੁਆਲ ਵਿੱਚ ਬਰੈਂਪਟਨ ਏਰੀਏ ਵਿਚ ਦਿਨੋ-ਦਿਨ ਵੱਧ ਰਹੀ ਕਾਰ ਚੋਰੀ, ਹਿੰਸਾ, ਨਸ਼ਿਆਂ ਦੀ ਤਸਕਰੀ, ਸਿਹਤ ਸਹੂਲਤਾਂ ਦੀ ਘਾਟ ਅਤੇ ਸਕੂਲਾਂ ਤੇ ਕਾਲਜਾਂ ਵਿੱਚ ਵਾਪਰ ਰਹੀਆਂ ਮੰਦਭਾਗੀਆਂ ਘਟਨਾਵਾਂ ਬਾਰੇ ਚਿੰਤਾ ਪ੍ਰਗਟ ਕੀਤੀ ਗਈ ਜਿਸਦੇ ਜੁਆਬ ਵਿੱਚ ਦੋਹਾਂ ਲੀਡਰਾਂ ਵੱਲੋ ਇਨ੍ਹਾਂ ਵੱਲ ਵਿਸ਼ੇਸ਼ ਧਿਆਨ ਦੇਣ ਦਾ ਭਰੋਸਾ ਦਿੱਤਾ ਗਿਆ। ਇਸ ਦੌਰਾਨ ਗਿਆਨ ਪਾਲ, ਹਰਚਰਨ ਸਿੰਘ ਤੇ ਕਈ ਹੋਰਨਾਂ ਵੱਲੋ ਇਨ੍ਹਾਂ ਨੇਤਾਵਾਂ ਨੂੰ ਸੁਆਲ ਕੀਤੇ ਗਏ। ਸਮਾਗ਼ਮ ਵਿੱਚ ਕਲੱਬ ਦੇ 100 ਤੋਂ ਵਧੀਕ ਮੈਂਬਰਾਂ ਵੱਲੋ ਪਰਿਵਾਰਾਂ ਸਮੇਤ ਭਰਪੂਰ ਸ਼ਮੂਲੀਅਤ ਕੀਤੀ ਗਈ। ਸੈਮੀਨਾਰ ਤੋ ਪਹਿਲਾਂ ਹੋਏ ਸੱਭਿਆਚਾਰਕ ਪ੍ਰੋਗਰਾਮ ਵਿੱਚ ਦਲਬੀਰ ਸਿੰਘ ਕਾਲੜਾ ਨੇ ਸ਼ਬਦ ਗਾਇਨ ਕੀਤਾ। ਸਤਪਾਲ ਸਿੰਘ ਕੋਮਲ, ਮਲੂਕ ਸਿੰਘ ਕਾਹਲੋ, ਸ਼੍ਰੀਮਤੀ ਪ੍ਰੇਮ ਪੁਰੀ, ਸ਼੍ਰੀਮਤੀ ਪਾਲ ਕੈਂਥ, ਸੁਖਦੇਵ ਸਿੰਘ ਬੇਦੀ, ਤਿਰਲੋਚਨ ਸਿੰਘ ਸੋਢੀ ਵੱਲੋ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਗੁਰਦੇਵ ਸਿੰਘ ਕੈਂਥ ਨੇ ਚੁਟਕਲੇ ਸੁਣਾ ਕੇ ਹਾਸਰਸ ਦਾ ਵਧੀਆ ਮਾਹੌਲ ਸਿਰਜਿਆ।

ਕੈਨੇਡਾ ਸਰਕਾਰ ਵੱਲੋ ਸੀਨੀਅਰਜ਼ ਦੇ ਮਾਨਸਿਕ ਵਿਕਾਸ ਹਿੱਤ ਆਰੰਭੇ ਗਏ ਪ੍ਰਾਜੈਕਟ ਤਹਿਤ ਭਰਪੂਰ ਸਹਿਯੋਗ ਲਈ ਸਮਾਗ਼ਮ ਦੇ ਪ੍ਰਬੰਧਕਾਂ ਵੱਲੋ ਸਰਕਾਰ ਦਾ ਧੰਨਵਾਦ ਕੀਤਾ ਗਿਆ। ਕਲੱਬ ਦੇ ਸਮੂਹ ਅਹੁਦੇਦਾਰਾਂ ਗੁਰਚਰਨ ਸਿੰਘ ਖੱਖ, ਹਰਚਰਨ ਸਿੰਘ, ਗਿਆਨ ਪਾਲ, ਸੁਖਦੇਵ ਸਿੰਘ ਬੇਦੀ, ਰਾਮ ਸਿੰਘ, ਬਜਿੰਦਰ ਸਿੰਘ ਮਰਵਾਹਾ, ਜੋਗਿੰਦਰ ਕੌਰ ਮਰਵਾਹਾ ਕਲੱਬ ਦੇ ਇਸ ਸਫ਼ਲ ਸਮਾਗ਼ਮ ਦੇ ਆਯੋਜਨ ਲਈ ਵਧਾਈ ਦੇ ਪਾਤਰ ਹਨ।

ਇਸ ਦੌਰਾਨ ਸ਼ਾਨਦਾਰ ਬਰੇਕਫ਼ਾਸਟ ਤੇ ਦੁਪਹਿਰ ਦੇ ਖਾਣੇ ਦਾ ਸਮੁੱਚਾ ਪ੍ਰਬੰਧ ਸਲਾਹੁਣਯੋਗ ਸੀ। ਅਖ਼ੀਰ ਵਿੱਚ ਕਲੱਬ ਦੇ ਪ੍ਰਧਾਨ ਗੁਰਚਰਨ ਸਿੰਘ ਖੱਖ ਵੱਲੋ ਸੈਮੀਨਾਰ ਦੇ ਮੁੱਖ-ਬੁਲਾਰੇ ਡਾ. ਗੁਲਜ਼ਾਰ ਸਿੰਘ ਤੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਕੈਨੇਡਾ ਦੀ ਫ਼ੈਡਰਲ ਸਰਕਾਰ ਦਾ ਵੀ ਹਾਰਦਿਕ ਧੰਨਵਾਦ ਕੀਤਾ ਜਿਸ ਦੇ ਵੱਲੋ ਦਿੱਤੇ ਗਏ ਵਿੱਤੀ ਸਹਿਯੋਗ ਸਦਕਾ ਮੈਂਟਲ ਹੈਲਥ ਸਬੰਧੀ ਸੈਮੀਨਾਰ ਸਮੇਤ ਇਹ ਸਮੁੱਚਾ ਸਮਾਗ਼ਮ ਬੇਹੱਦ ਸਫ਼ਲ ਸਾਬਤ ਹੋਇਆ।

# ਲੇਖਕ ਅਤੇ ਪੱਤਰਕਾਰ ਹਰਜੀਤ ਸਿੰਘ ਬਾਜਵਾ ਦਾ ਹੋਇਆ ਸਨਮਾਨ

## ਡਾ.ਗੁਰਬਖ਼ਸ਼ ਸਿੰਘ ਭੰਡਾਲ ਦੀ ਪੁਸਤਕ 'ਤੇ ਹੋਈ ਵਿਚਾਰ ਚਰਚਾ



ਟੋਰਾਂਟੋ, (ਸਤਪਾਲ ਸਿੰਘ ਜੌਹਲ): ਕਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਬੀਤੇ ਦਿਨੀ ਇੱਕ ਸਾਹਿਤਕ ਅਤੇ ਸਨਮਾਨ ਸਮਾਰੋਹ ਬਰੈਂਪਟਨ ਦੇ ਹੋਮ ਲਾਈਫ ਦਫਤਰ ਦੇ ਮੀਟਿੰਗ ਹਾਲ ਵਿੱਚ ਕਰਵਾਇਆ ਗਿਆ ਜਿਸ ਵਿੱਚ ਜਿੱਥੇ ਨਾਮਵਰ ਕਵੀ/ਗੀਤਕਾਰ ਅਤੇ ਪੱਤਰਕਾਰ ਸ੍ਰ ਹਰਜੀਤ ਸਿੰਘ ਬਾਜਵਾ ਨੂੰ ਉਹਨਾਂ ਦੀ ਸਾਫ ਸੁੱਥਰੀ ਸੱਭਿਆਚਾਰਕ ਅਤੇ ਸਾਹਿਤਕ ਲੇਖਣੀ (ਗੀਤ/ਕਵਿਤਾ) ਵਿੱਚ ਪਾਏ ਯੋਗਦਾਨ ਬਦਲੇ ਵਿਸ਼ੇਸ਼ ਤੌਰ ਤੇ, ਸਨਮਾਨਿਤ ਕੀਤਾ ਗਿਆ ਉੱਥੇ ਹੀ ਡਾ਼ ਗੁਰਬਖ਼ਸ਼ ਸਿੰਘ ਭੰਡਾਲ ਦੀ ਪੁਸਤਕ 'ਕੱਚੇ ਪੱਕੇ ਰਾਹ' 'ਤੇ ਪੇਪਰ ਵੀ ਪੜ੍ਹੇ ਗਏ ਅਤੇ ਵਿਚਾਰ ਚਰਚਾ ਵੀ ਹੋਈ। ਇਸ ਮੌਕੇ ਬੋਲਦਿਆਂ ਸ੍ਰ ਹਰਜੀਤ ਸਿੰਘ ਬਾਜਵਾ ਨੇ ਆਖਿਆ ਕਿ 'ਅਜੀਤ' ਪ੍ਰਕਾਸ਼ਨ ਸਮੂੰਹ ਦੇ ਮੁੱਖ ਸੰਪਾਦਕ ਸਤਿਕਾਰਯੋਗ ਭਾਜੀ ਸ੍ਰ ਬਰਜਿੰਦਰ ਸਿੰਘ ਹਮਦਰਦ ਹੋਰਾਂ ਦੀ ਰਹਿਨੁਮਈ ਹੇਠ ਜਿੱਥੇ ਬਹੁਤ ਕੁਝ ਸਿੱਖ ਕੇ ਲਿਖਣ ਦਾ ਮੌਕਾ ਮਿਲਿਆ ਉੱਥੇ ਹੀ ਸ੍ਰ. ਬਰਜਿੰਦਰ ਸਿੰਘ ਹਮਦਰਦ ਦੀ ਯੋਗ ਅਗਵਾਈ ਨੇ ਮੈਨੂੰ ਇੱਕ ਜ਼ਿੰਮੇਵਾਰ ਪੱਤਰਕਾਰ, ਲੇਖਕ ਅਤੇ ਕਵੀ ਵੀ ਬਣਾਇਆ ਹੈ ਜਿਹਨਾਂ ਦੀ ਬਦੌਲਤ ਅੱਜ ਮੈਂ ਤੁਹਾਡੇ ਵਿਚਕਾਰ ਹਾਂ। ਇਸ ਮੌਕੇ ਬੋਲਦਿਆਂ ਪੀਲ ਡਿਸਟਰਿੱਲ ਬੋਰਡ ਦੇ ਡਿਪਟੀ ਚੇਅਰਮੈਨ ਅਤੇ 'ਕਨੇਡਾ ਵਿੱਚ ਅਜੀਤ ਦੇ ਸਟਾਫ ਰਿਪੋਰਟਰ ਸ੍ਰ.ਸਤਪਾਲ ਸਿੰਘ ਜੌਹਲ ਨੇ ਆਖਿਆ ਕਿ ਸ੍ਰ.ਬਾਜਵਾ ਨੇ ਲੱਗਭੱਗ ਬੀਤੇ ਦੋ ਦਹਾਕਿਆਂ ਤੋ 'ਅਜੀਤ' ਦੇ ਪਾਠਕਾਂ ਲਈ ਇਮਾਨਦਾਰੀ ਨਾਲ ਨਿੱਠ ਕੇ ਸੇਵਾਵਾਂ ਨਿਭਾਈਆਂ ਹਨ ਅਤੇ ਇਸ ਦੌਰਾਨ ਡਾ.ਹਮਦਰਦ ਹੋਰਾਂ ਦਾ ਲਗਾਤਾਰ ਆਸ਼ੀਰਵਾਦ ਮਿਲਦਾ ਰਿਹਾ ਹੈ, ਇਸ ਮੌਕੇ ਸਟੇਜ ਦੀ ਕਾਰਵਾਈ ਤਲਵਿੰਦਰ ਸਿੰਘ ਮੰਡ ਅਤੇ ਪਰਮਜੀਤ ਢਿੱਲੋਂ ਨੇ ਬਾਖ਼ੂਬੀ ਨਿਭਾਈ ਜਦੋਂ ਕਿ ਇਸ ਦੌਰਾਨ ਹੋਏ ਕਵੀ ਦਰਬਾਰ ਦੀ ਪ੍ਰਧਾਂਨਗੀ ਡਾ.ਗੁਰਬਖ਼ਸ਼ ਸਿੰਘ ਭੰਡਾਲ, ਸਕੂਲ ਬੋਰਡ ਦੇ ਡਿਪਟੀ ਚੇਅਰਮੈਨ ਸ੍ਰ.ਸਤਪਾਲ ਸਿੰਘ ਜੌਹਲ, ਪ੍ਰਿੰਸੀਪਲ ਸਰਵਣ ਸਿੰਘ, ਹਰਜੀਤ ਕੌਰ, ਕਰਨ ਅਜਾਇਬ ਸਿੰਘ ਸੰਘਾ ਅਤੇ ਡਾ.ਸੁਖਦੇਵ ਸਿੰਘ ਝੰਡ ਨੇ ਕੀਤੀ ਅਤੇ ਇਸ ਦੌਰਾਨ ਸ੍ਰ ਮਲੂਕ ਸਿੰਘ ਕਾਹਲੋਂ, ਗਾਇਕ ਹੈਰੀ ਸੰਧੂ, ਹਰਵਿੰਦਰ ਸੰਘਾ, ਪਰਮਜੀਤ ਕਲੇਰ, ਮਨਨ ਗੁਪਤਾ, ਨਵਰਾਜ ਬੈਨੀਪਾਲ, ਮਕਸੂਦ ਚੌਧਰੀ, ਮਲਵਿੰਦਰ, ਪ੍ਰੀਤਮ ਧੰਜਲ, ਡਾ.ਬਲਜਿੰਦਰ ਸੇਖੋਂ, ਨੀਟਾ ਬਲਵਿੰਦਰ, ਸੁਰਿੰਦਰਜੀਤ ਕੌਰ, ਸੁਖਚਰਨਜੀਤ ਕੌਰ ਗਿੱਲ, ਕੁਲਵੰਤ ਕੌਰ ਗੈਦੂ, ਇਕਬਾਲ ਬਰਾੜ, ਹਰਮੇਸ਼ ਜੀਦੋਵਾਲ, ਵਨੀਤ ਬਾਜਵਾ, ਸੁਰਿੰਦਰ ਸ਼ਰਮਾਂ, ਮਲੇਰਕੋਟਲਾ ਤੋ ਆਏ ਜਨਾਬਾ ਨੂਰ ਮੁਹੰਮਦ ਨੂਰ, ਬਲਰਾਜ ਚੀਮਾ, ਕ੍ਰਿਪਾਲ ਸਿੰਘ ਪੰਨੂੰ, ਸ੍ਰ ਪੂਰਨ ਸਿੰਘ ਪਾਂਧੀ, ਦਲਜੀਤ ਸਿੰਘ ਗੈਦੂ, ਗੁਰਦੇਵ ਸਿੰਘ ਮਾਨ, ਦਰਸ਼ਨ ਸਿੰਘ ਦਰਸ਼ਨ, ਕਰਨੈਲ ਸਿੰਘ ਮਰਵਾਹਾ, ਸਿਕੰਦਰ ਸਿੰਘ ਗਿੱਲ, ਸ਼ਮਸ਼ੇਰ ਸਿੰਘ, ਜਗਦੀਸ਼ ਕੌਰ ਕਾਹਲੋਂ, ਪਰਮਜੀਤ ਦਿਓਲ, ਸਰਬਜੀਤ ਕੌਰ ਕਾਹਲੋ, ਜਗਦੀਸ਼ ਕੌਰ ਝੰਡ, ਹੁਨਰ ਕਾਹਲੋ,ਰੇਡੀਓ ਜ਼ਿੰਦਾਬਾਦ ਤੋ ਮੇਜਰ ਸਿੰਘ ਚੱਕਸਾਬੂ, ਰਿੰਟੂ ਭਾਟੀਆ, ਡਾ.ਜਗਮੋਹਨ ਸਿੰਘ ਸੰਘਾ, ਜੱਸੀ ਭੁੱਲਰ, ਵਿਨੋਦ ਹਰਪਾਲਪੁਰੀ, ਹਰਦਿਆਲ ਸਿੰਘ ਝੀਤਾ ਆਦਿ ਤੋਂ ਇਲਾਵਾ ਹੋਰ ਵੀ ਕਈ ਲੋਕਾਂ ਨੇ ਆਪੋ-ਆਪਣੀਆਂ ਰਚਨਾਵਾਂ ਅਤੇ ਗੱਲਬਾਤ ਨਾਲ ਹਾਜ਼ਰੀ ਲੁਆਈ।

# ਰਾਜਾ ਵੜਿੰਗ ਨੂੰ ਲੁਧਿਆਣਾ ਤੋਂ ਟਿਕਟ ਮਿਲਣ 'ਤੇ ਕਾਂਗਰਸ ਦਾ ਅੰਦਰੂਨੀ ਕਾਟੋ ਕਲੇਸ਼ ਸ਼ੁਰੂ



ਟੋਰਾਂਟੋ (ਬਲਜਿੰਦਰ ਸੇਖਾ) : ਕਾਂਗਰਸ ਨੇ ਲੁਧਿਆਣਾ ਤੋਂ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਉਮੀਦਵਾਰ ਉਤਾਰ ਦਿੱਤਾ ਹੈ। ਲੋਕ ਸਭਾ ਦੀਆਂ ਸੀਟਾਂ ਨੂੰ ਲੈ ਕੇ ਕਾਂਗਰਸ ਦਾ ਅੰਦਰੂਨੀ ਕਲੇਸ਼ ਖ਼ਤਮ ਹੋਣ ਦੀ ਬਜਾਏ ਵੱਧਦਾ ਹੀ ਜਾ ਰਿਹਾ ਹੈ। ਹੁਣ ਲੁਧਿਆਣਾ ਲੋਕ ਸਭਾ ਸੀਟ ਤੋ ਭਾਰਤ ਭੂਸ਼ਣ ਆਸ਼ੂ ਦੀ ਥਾਂ ਰਾਜਾ ਵੜਿੰਗ ਨੂੰ ਟਿਕਟ ਮਿਲਣ 'ਤੇ ਕਾਂਗਰਸ ਦਾ ਅੰਦਰੂਨੀ ਕਲੇਸ਼ ਸ਼ੁਰੂ ਹੋ ਗਿਆ ਹੈ। ਲੁਧਿਆਣਾ ਤੋਂ ਰਾਜਾ ਵੜਿੰਗ ਨੂੰ ਉਮੀਦਵਾਰ ਬਣਾਏ ਜਾਣ 'ਤੇ ਕੁੱਝ ਕਾਂਗਰਸੀ ਵਰਕਰ ਖ਼ੁਸ਼ ਦਿਖਾਈ ਦੇ ਰਹੇ ਹਨ ਅਤੇ ਕੁੱਝ ਉਨ੍ਹਾਂ ਦਾ ਵਿਰੋਧ ਕਰਦੇ ਨਜ਼ਰ ਆਏ ਹਨ। ਇਸ ਨਾਲ ਕਾਂਗਰਸ ਦੀਆਂ ਮੁਸ਼ਕਿਲਾਂ ਘੱਟਣ ਦੀ ਬਜਾਏ ਵੱਧ ਸਕਦੀਆਂ ਹਨ। ਲੁਧਿਆਣਾ ਤੋ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਸੰਜੇ ਤਲਵਾੜ ਅਤੇ ਵਰਕਰਾਂ ਨੇ ਲੱਡੂ ਵੰਡੇ ਅਤੇ ਭੰਗੜੇ ਪਾਏ। ਉਨ੍ਹਾਂ ਕਿਹਾ ਕਿ ਇਥੋ ਵੱਡੇ ਮਾਰਜਨ ਨਾਲ ਰਾਜਾ ਵੜਿੰਗ ਨੂੰ ਜਿਤਾ ਕੇ ਲੋਕ ਸਭਾ ਵਿੱਚ ਭੇਜਾਂਗੇ।

ਜਿੱਥੇ ਇੱਕ ਪਾਸੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦੀ ਪਤਨੀ ਨੇ ਰਾਜਾ ਵੜਿੰਗ ਨੂੰ ਉਮੀਦਵਾਰ ਬਣਾਏ ਜਾਣ 'ਤੇ ਸਮਰਥਨ ਕੀਤਾ ਹੈ , ਓਥੇ ਹੀ ਭਾਰਤ ਭੂਸ਼ਣ ਆਸ਼ੂ ਦੇ ਸਪੋਟਰਾਂ ਨੇ ਬਗਾਵਤੀ ਸੁਰ ਦਿਖਾਏ ਹਨ। ਉਨ੍ਹਾਂ ਕਿਹਾ ਹੈ ਕਿ ਅਸੀਂ ਰਾਜੇ ਵੜਿੰਗ ਦੀ ਸਪੋਰਟ ਨਹੀਂ ਕਰਾਂਗੇ। ਇਸ ਤੋਂ ਪਹਿਲਾਂ ਲੁਧਿਆਣਾ ਦੇ ਹਲਕਾ ਗਿੱਲ ਦੇ ਸਾਬਕਾ ਵਿਧਾਇਕ ਕੁਲਦੀਪ ਸਿੰਘ ਵੈਦ ਵੀ ਕਹਿ ਚੁੱਕੇ ਹਨ ਕਿ ਸਾਨੂੰ ਪੈਰਾਸ਼ੂਟ ਉਮੀਦਵਾਰ ਨਹੀਂ ਚਾਹੀਦਾ। ਇਸ ਤੋਂ ਇਲਾਵਾ ਕਾਂਗਰਸ ਵੱਲੋਂ ਲੁਧਿਆਣਾ ਤੋਂ ਰਾਜਾ ਵੜਿੰਗ ਨੂੰ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ BJP ਉਮੀਦਵਾਰ ਰਵਨੀਤ ਬਿੱਟੂ ਵੀ ਆਪਣੇ ਪੁਰਾਣੇ ਸਿਆਸੀ ਸਾਥੀ ਰਾਜਾ ਵੜਿੰਗ 'ਤੇ ਤਿੱਖਾ ਹਮਲਾ ਕਰਦੇ ਦਿਖਾਈ ਦਿੱਤੇ ਹਨ ,ਉਨ੍ਹਾਂ ਨੇ ਤਾਂ ਇਥੋ ਤੱਕ ਦਿੱਤਾ ਕਿ ''ਬਾਹਰੀ ਉਮੀਦਵਾਰ ਰਾਜਾ ਵੜਿੰਗ ਗਰਮੀ ਦੀਆਂ ਛੁੱਟੀਆਂ ਮਨਾਉਣ ਲਈ ਇਥੇ ਆਏ, ਮਨਾ ਕੇ ਚਲੇ ਜਾਣਗੇ।

# ਸਿਡਨੀ 'ਚ ਪੰਜਾਬੀ ਪਰਿਵਾਰ 'ਤੇ ਦੋ ਵਾਰ ਹਮਲਾ

## ਘਰ ਛੱਡਣ ਲਈ ਹੋਏ ਮਜ਼ਬੂਰ



ਸਿਡਨੀ : ਸਿਡਨੀ ਵਿਚ ਪੰਜਾਬੀ ਪਰਿਵਾਰ 'ਤੇ ਹਮਲਾ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਹਰਦੀਪ ਕੌਰ ਨਾਂਅ ਦੀ ਮਹਿਲਾ ਸ਼ਨੀਵਾਰ ਦੀ ਸ਼ਾਮ ਨੂੰ ਆਪਣੇ ਦੋ ਬੱਚਿਆਂ, ਘਰਵਾਲੇ ਅਤੇ ਇੱਕ ਹੋਰ ਰਿਸ਼ਤੇਦਾਰ ਨਾਲ ਬੈਠੀ ਟੀਵੀ ਵੇਖ ਰਹੀ ਸੀ, ਜਦੋ ਅਚਾਨਕ ਘਰ ਦੀ ਖਿੜਕੀ 'ਤੇ ਕਿਸੇ ਨੇ ਗੋਲੀ ਚਲਾ ਦਿੱਤੀ। ਜਾਨ ਬਚਾਉਣ ਲਈ ਸਾਰੇ ਹੇਠਾਂ ਝੁਕ ਗਏ। ਇਸ ਦੌਰਾਨ ਤੁਰੰਤ 'ਚ ਹਰਦੀਪ ਨੇ ਪੁਲਿਸ ਨੂੰ ਸੂਚਿਤ ਕੀਤਾ ਪਰ ਇਹ ਪਹਿਲੀ ਵਾਰ ਨਹੀਂ ਸੀ ਹੋਇਆ। ਇਸ ਤੋ ਦੋ ਹਫ਼ਤੇ ਪਹਿਲਾਂ ਵੀ ਇਸੇ ਘਰ 'ਤੇ ਗੋਲੀਆਂ ਚਲਾਈਆਂ ਗਈਆਂ ਸਨ। ਪੁਲਿਸ ਮੁਤਾਬਕ ਹਮਲਾਵਰ ਗਲਤੀ ਨਾਲ ਕਿਸੇ ਹੋਰ ਦਾ ਸਮਝ ਕੇ ਇਸ ਘਰ ਨੂੰ ਨਿਸ਼ਾਨਾ ਬਣਾ ਰਹੇ ਹਨ। ਹਾਲਾਂਕਿ ਅਦਾਰੇ ਅਭਛ ਦੀ ਖ਼ਬਰ ਮੁਤਾਬਕ ਪੁਲਿਸ ਕੋਲ ਅਜੇ ਹਮਲੇ ਬਾਰੇ ਕੋਈ ਜਾਣਕਾਰੀ ਨਹੀਂ ਹੈ। ਹਮਲਾ ਇਸ ਪੰਜਾਬੀ ਪਰਿਵਾਰ ਦੇ ਬਲੈਕਟਾਊਨ (Blacktown) ਦੀ ਵਰਜੀਨੀਆ ਸਟ੍ਰੀਟ ਸਥਿਤ ਘਰ 'ਤੇ ਕੀਤਾ ਗਿਆ ਹੈ। ਬੇਸ਼ੱਕ ਪੁਲਿਸ ਨੇ ਇੱਥੋ ਅੱਠ ਕਿੱਲੋਮੀਟਰ ਦੂਰ ਈਸਟਰਨ ਕ੍ਰੀਕ ਦੇ ਸਬਅਰਬ ਤੋ ਇੱਕ ਫੋਰਡ ਰੇਂਜਰ ਬਰਾਮਦ ਕੀਤੀ ਹੈ ਅਤੇ ਦੱਸਿਆ ਜਾ ਰਿਹਾ ਹੈ ਕਿ ਇਹ ਇਸੇ ਹਮਲੇ ਲਈ ਵਰਤੀ ਗਈ ਸੀ। ਇੱਧਰ ਹਰਦੀਪ ਦਾ ਪੂਰਾ ਪਰਿਵਾਰ ਸਹਿਮ 'ਚ ਹੈ। ਖ਼ਾਸਕਰ ਉਹਨਾਂ ਦਾ ਪੰਜ ਸਾਲ ਦਾ ਛੋਟਾ ਬੇਟਾ ਸਹਿਮ ਗਿਆ ਹੈ। ਪਰਿਵਾਰ ਇਸ ਘਰ ਨੂੰ ਛੱਡ ਕਿਤੇ ਹੋਰ ਜਾਣ ਲਈ ਮਜ਼ਬੂਰ ਹੋ ਗਿਆ ਹੈ।

# ਕੈਨੇਡਾ ਦੇ ਓਨਟਾਰੀਓ ਸੂਬੇ ਦੇ ਸਕੂਲਾਂ ਵਿੱਚ ਸੈੱਲਫੋਨ 'ਤੇ ਲੱਗੀ ਪਾਬੰਦੀ



ਟੋਰਾਂਟੋ (ਬਲਜਿੰਦਰ ਸੇਖਾ) : ਕਨੇਡਾ ਦੇ ਸੂਬੇ ਓਨਟਾਰੀਓ ਦੇ ਸਕੂਲਾਂ ਵਿੱਚ ਮੋਬਾਇਲ ਫੋਨ ਲਿਆਉਣ 'ਤੇ ਪਾਬੰਦੀ ਲਗਾਉਣ ਦਾ ਐਲਾਨ ਅੱਜ ਸਿੱਖਿਆ ਮੰਤਰੀ ਸਟੀਫਨ ਲੈਚੇ ਨੇ ਕੀਤਾ ਹੈ। ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਡਿਪਟੀ ਚੇਅਰਮੈਨ ਅਤੇ ਬਰੈਂਪਟਨ ਤੋਂ ਵਾਰਡ 9 ਅਤੇ 10 ਦੇ ਪਬਲਿਕ ਸਕੂਲ ਬੋਰਡ ਟਰੱਸਟੀ, ਉੱਘੇ ਪੱਤਰਕਾਰ ਸਤਪਾਲ ਸਿੰਘ ਜੌਹਲ ਨੇ ਦੱਸਿਆ ਕਿ ਭਾਈਚਾਰੇ ਦੇ ਸਹਿਯੋਗ ਨਾਲ ਪਿਛਲੇ ਪੰਦਰਾਂ ਮਹੀਨਿਆਂ ਤੋ ਉਹ ਜੱਦੋ ਜਹਿਦ ਕਰ ਰਹੇ ਸਨ। ਉਨ੍ਹਾਂ ਨੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਹੁਣ ਉਹ ਘਰਾਂ ਵਿੱਚ ਬੱਚਿਆਂ ਦੇ ਸੈੱਲਫੋਨ ਦੀ ਵਰਤੋਂ ਦਾ ਖਿਆਲ ਰੱਖਣ ।



# ਭਗਵੰਤ ਮਾਨ ਨੇ ਗੜ੍ਹਸ਼ੰਕਰ 'ਚ ਕੀਤਾ ਇੱਕ ਹੋਰ ਅਸਫ਼ਲ ਰੋਡ ਸ਼ੋਅ : ਪ੍ਰਤਾਪ ਬਾਜਵਾ



ਪੰਜਾਬ ਵਿੱਚ ਇੱਕ ਹੋਰ ਅਸਫਲ ਰੋਡ ਸ਼ੋਅ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨਾ ਸਾਧਦੇ ਹੋਏ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਬੁੱਧਵਾਰ ਨੂੰ ਕਿਹਾ ਕਿ ਇਹ ਲੋਕ ਸਭਾ ਚੋਣਾਂ ਸੂਬੇ ਵਿੱਚ ਆਮ ਆਦਮੀ ਪਾਰਟੀ ਦੇ ਅੰਤ ਦੀ ਸ਼ੁਰੂਆਤ ਹੋਣ ਜਾ ਰਹੀਆਂ ਹਨ। ਮੁੱਖ ਮੰਤਰੀ ਨੇ ਅੱਜ ਗੜ੍ਹਸ਼ੰਕਰ ਵਿੱਚ ਇੱਕ ਰੋਡ ਸ਼ੋਅ ਕੀਤਾ, ਜੋ ਅਸਫਲ ਰੋਡ ਸ਼ੋਅ ਸਾਬਤ ਹੋਇਆ। ਮੌਕੇ 'ਤੇ ਪਾਰਟੀ ਦਾ ਕੋਈ ਸਮਰਥਕ ਜਾਂ ਵਲੰਟੀਅਰ ਨਜ਼ਰ ਨਹੀਂ ਆਇਆ। ਮੁੱਖ ਮੰਤਰੀ ਨੂੰ ਸਿਰਫ਼ ਸੁਰੱਖਿਆ ਗਾਰਡਾਂ ਨਾਲ ਘਿਰਿਆ ਹੋਇਆ ਦੇਖਿਆ ਗਿਆ। ਬਾਜਵਾ ਨੇ ਕਿਹਾ ਕਿ ਉਹ ਨਿਸ਼ਚਿਤ ਤੌਰ 'ਤੇ ਉਨ੍ਹਾਂ ਲੋਕਾਂ ਤੋ ਡਰੇ ਹੋਏ ਹਨ, ਜਿਨ੍ਹਾਂ ਨੇ ਪਿਛਲੇ ਦੋ ਸਾਲਾਂ 'ਚ 'ਆਪ' ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕੇ ਹਨ। ਸੀਨੀਅਰ ਕਾਂਗਰਸੀ ਆਗੂ ਬਾਜਵਾ ਨੇ ਲੋਕਾਂ ਦੇ ਵਿਰੋਧ ਕਰਨ ਦੇ ਜਮਹੂਰੀ ਅਧਿਕਾਰ ਨੂੰ ਦਬਾਉਣ ਲਈ 'ਆਪ' ਸਰਕਾਰ ਦੀ ਆਲੋਚਨਾ ਕੀਤੀ। 'ਆਪ' ਨੇ ਉਨ੍ਹਾਂ ਲੋਕਾਂ ਦੀ ਆਵਾਜ਼ ਨੂੰ ਦਬਾਉਣ ਲਈ ਤਾਕਤ ਦੀ ਵਰਤੋਂ ਕੀਤੀ, ਜਿਨ੍ਹਾਂ ਨੇ ਰੋਡ ਸ਼ੋਅ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਦਾ ਵਿਰੋਧ ਕਰਨ ਜਾਂ ਸਵਾਲ ਕਰਨ ਦੀ ਕੋਸ਼ਿਸ਼ ਕੀਤੀ ਸੀ।

ਸੋਸ਼ਲ ਮੀਡੀਆ ਪਲੇਟਫ਼ਾਰਮ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਬਾਜਵਾ ਨੇ ਕਿਹਾ ਕਿ ਬਾਘਾ ਪੁਰਾਣਾ 'ਚ 'ਆਪ' ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕਰਨ ਦੀ ਯੋਜਨਾ ਬਣਾ ਰਹੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਪੁਲਿਸ ਨੇ ਉਸ ਸਮੇਂ ਗ੍ਰਿਫਤਾਰ ਕਰ ਲਿਆ ਜਦੋਂ ਉਹ ਗੁਰਦੁਆਰਾ ਸਾਹਿਬ 'ਚ ਇਕੱਠੇ ਹੋਏ ਸਨ। ਪਹਿਲਾਂ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ 'ਚ ਹਿਰਾਸਤ 'ਚ ਲਿਆ ਗਿਆ ਅਤੇ ਫਿਰ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਦੇ ਕੰਪਲੈਕਸ 'ਚੋ ਗ੍ਰਿਫਤਾਰ ਕਰ ਲਿਆ ਗਿਆ। ਇਸੇ ਤਰਾਂ ਇੱਕ ਸੀਨੀਅਰ ਸੁਤੰਤਰ ਪੱਤਰਕਾਰ ਦੀ ਐਕਸ ਪੋਸਟ ਅਨੁਸਾਰ ਠੇਕਾ ਮੁਲਾਜ਼ਮਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਕਾਫ਼ਲੇ ਨੂੰ ਕਾਲੇ ਝੰਡੇ ਦਿਖਾਉਣ ਦੇ ਦੋਸ਼ ਵਿਚ ਗ੍ਰਿਫਤਾਰ ਕਰਕੇ ਸੀਆਈਏ ਕੰਪਲੈਕਸ ਬਰਨਾਲਾ ਲਿਜਾਇਆ ਗਿਆ। ਬਾਜਵਾ ਨੇ ਕਿਹਾ ਕਿ ਉਹ ਆਪਣੀਆਂ ਨੌਕਰੀਆਂ ਰੈਗੂਲਰ ਕਰਨ ਦੀ ਮੰਗ ਪੂਰੀ ਨਾ ਕਰਨ 'ਤੇ 'ਆਪ' ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕਰ ਰਹੇ ਹਨ।

# ਗੋਲਡੀ ਨੂੰ ਚੋਣਾਂ ਮੁੱਖ ਮੰਤਰੀ ਵਿਰੁੱਧ ਸਨ ਲੜਾਈਆਂ ਹੁਣ ਉਸੇ ਮੁੱਖ ਮੰਤਰੀ ਨੂੰ ਜੱਫੀਆਂ ਪਾਈਆਂ

ਬਲਬੀਰ ਸਿੰਘ ਬੱਬੀ



ਇਹ ਤਾਂ ਅਸੀ ਅਕਸਰ ਹੀ ਸੁਣਦੇ ਦੇਖਦੇ ਹਾਂ ਕਿ ਸਿਆਸਤ ਅਜਿਹੀ ਚੀਜ਼ ਹੈ ਜਿਸ ਵਿੱਚ ਕਿਸੇ ਦਾ ਕੋਈ ਵੀ ਸਕਾ ਨਹੀ ਕਿਧਰੋ ਕੀ ਬਣ ਜਾਵੇ ਇਹ ਉਦੋਂ ਹੀ ਪਤਾ ਲੱਗਦਾ ਹੈ ਜਦੋ ਸਿਆਸਤਦਾਨ ਆਪਣੀ ਪਾਰਟੀ ਨੂੰ ਛੱਡ ਕੇ ਦੂਜੀ ਪਾਰਟੀ ਵਿੱਚ ਸ਼ਾਮਿਲ ਹੋਣ ਲਈ ਮਿੰਟ ਲਾਉਂਦੇ ਹਨ। ਦਲ ਬਦਲਣ ਦਾ ਕੰਮ ਤਾਂ ਕਾਫੀ ਸਮੇਂ ਤੋ ਹੀ ਚੱਲ ਰਿਹਾ ਹੈ ਪਰ ਇਸ ਵੇਲੇ ਹੋ ਰਹੀਆਂ ਲੋਕ ਸਭਾ ਚੋਣਾਂ ਦੇ ਵਿੱਚ ਦਲ ਬਦਲੂ ਕੰਮ ਪੂਰੇ ਜੋਬਨ ਉੱਤੇ ਚੱਲ ਰਿਹਾ ਹੈ। ਜਿਹੜਾ ਸਿਆਸੀ ਆਗੂ ਆਪਣੀ ਪਾਰਟੀ ਵਿੱਚ ਰਹਿੰਦਾ ਹੋਇਆ ਦੂਜੀ ਤੀਜੀ ਪਾਰਟੀ ਨੂੰ ਪਾਣੀ ਪੀ ਪੀ ਕੋਸਦਾ ਹੈ ਉਹ ਉਸੇ ਵਿੱਚ ਹੀ ਸ਼ਾਮਿਲ ਹੋ ਕੇ ਉਸ ਦੇ ਸੋਹਲੇ ਗਾਉਣ ਲੱਗ ਜਾਂਦਾ ਹੈ ਇਹ ਸਭ ਕੁਝ ਦੇਖ ਕੇ ਲੋਕ ਹੈਰਾਨ ਹੁੰਦੇ ਹਨ।

ਅਜਿਹਾ ਹੀ ਦ੍ਰਿਸ਼ ਅੱਜ ਉਸ ਵੇਲੇ ਦੇਖਣ ਨੂੰ ਮਿਲਿਆ ਜਦੋਂ ਸੰਗਰੂਰ ਦੇ ਧੂਰੀ ਤੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਿਰੁੱਧ ਕਾਂਗਰਸ ਵੱਲੋਂ ਚੋਣ ਲੜ ਚੁੱਕੇ ਦਲਵੀਰ ਗੋਲਡੀ ਅੱਜ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ ਹਨ। ਦਲਵੀਰ ਗੋਲਡੀ ਸੰਗਰੂਰ ਤੋ ਲੋਕ ਸਭਾ ਚੋਣਾਂ ਦੇ ਸੰਬੰਧ ਵਿੱਚ ਕਾਂਗਰਸ ਦੀ ਟਿਕਟ ਦਾ ਆਸਵੰਦ ਸੀ ਪਰ ਕਾਂਗਰਸ ਨੇ ਟਿਕਟ ਪੈਰਾਸ਼ੂਟ ਰਾਹੀਂ ਲਿਆ ਕੇ ਸੁਖਪਾਲ ਸਿੰਘ ਖਹਿਰਾ ਨੂੰ ਦੇ ਦਿੱਤੀ ਬੇਸ਼ੱਕ ਸੁਖਪਾਲ ਸਿੰਘ ਗਹਿਰਾ ਨੇ ਗੋਲਡੀ ਨੂੰ ਮਨਾਉਣ ਦਾ ਯਤਨ ਕੀਤਾ ਪਰ ਕੱਲ ਗੋਲਡੀ ਨੇ ਕਾਂਗਰਸ ਦੀ ਮੁੱਢਲੀ ਮੈਂਬਰਸ਼ਿਪ ਤੋ ਅਸਤੀਫਾ ਦੇ ਦਿੱਤਾ ਸੀ। ਲੋਕ ਇਹ ਦੇਖ ਰਹੇ ਸਨ ਹੁਣ ਅੱਗੇ ਕੀ ਬਣੇਗਾ ਅੱਗੇ ਕੀ ਬਣਿਆ, ਅੱਜ ਦਲਵੀਰ ਗੋਲਡੀ ਜਿਸ ਮੁੱਖ ਮੰਤਰੀ ਵਿਰੁੱਧ ਚੋਣ ਲੜਿਆ ਸੀ ਉਸੇ ਮੁੱਖ ਮੰਤਰੀ ਦੀ ਹਾਜ਼ਰੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਿਆ ਇਸ ਮੌਕੇ ਸੰਗਰੂਰ ਤੋ ਆਪ ਦੇ ਉਮੀਦਵਾਰ ਮੀਤ ਹੇਅਰ ਤੇ ਹੋਰ ਵਰਕਰ ਹਾਜ਼ਰ ਸਨ।

## ਕੌਮਾਂਤਰੀ ਸਰਹੱਦ ਨੇੜੇ ਖੇਤਾਂ 'ਚੋਂ ਮਿਲੀ ਲਗਭਗ 8 ਕਰੋੜ ਦੀ ਹੈਰੋਇਨ ਬਰਾਮਦ



ਗੱਗੋਮਾਹਲ-ਭਾਰਤ-ਪਾਕਿਸਤਾਨ ਕੌਮਾਂਤਰੀ ਸਰਹੱਦ ਨੇੜੇ ਲੱਗਦੇ ਪਿੰਡ ਬੇਦੀ ਛੰਨਾ 'ਚ ਕਣਕ ਦੇ ਖੇਤਾਂ ਵਿੱਚੋਂ ਡੇਢ ਕਿਲੋ ਹੈਰੋਇਨ ਮਿਲਣ ਦੀ ਸੂਚਨਾ ਮਿਲੀ ਹੈ। ਹੈਰੋਇਨ ਦੀ ਕੀਮਤ ਕੌਮਾਂਤਰੀ ਬਾਜ਼ਾਰ ਵਿਚ 7.5 ਕਰੋੜ ਰੁਪਏ ਦੱਸੀ ਜਾ ਰਹੀ ਹੈ। ਇਸ ਮੌਕੇ ਥਾਣਾ ਰਮਦਾਸ ਦੀ ਪੁਲਿਸ ਵੱਲੋਂ ਅਣਪਛਾਤੇ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਜਗਰੂਪ ਸਿੰਘ ਜਰਖੜ ਨੂੰ ਆਮ ਆਦਮੀ ਪਾਰਟੀ ਦੇ ਸਟੇਟ ਵਾਈਸ ਪ੍ਰੈਜੀਡੈਂਟ ਬਣਨ ਤੇ ਮੁਬਾਰਕਾਂ



ਲੁਧਿਆਣਾ 1 ਮਈ (ਰਘਬੀਰ ਕਾਹਲੋਂ): ਆਮ ਆਦਮੀ ਪਾਰਟੀ ਪੰਜਾਬ ਵੱਲੋਂ ਉੱਘੇ ਖੇਡ ਪ੍ਰਮੋਟਰ, ਖੇਡ ਲੇਖਕ ਅਤੇ ਪਾਰਟੀ ਨਾਲ ਲੰਬੇ ਸਮੇਂ ਤੋਂ ਜੁੜੇ ਪਾਰਟੀ ਪ੍ਰਤੀ ਸਮਰਪਿਤ ਆਗੂ ਜਗਰੂਪ ਸਿੰਘ ਜਰਖੜ ਨੂੰ ਸਟੇਟ ਵਾਈਸ ਪ੍ਰੈਜੀਡੈਂਟ ਸਪੋਰਟਸ ਵਿੰਗ ਬਣਾਉਣ ਤੇ ਪਾਰਟੀ ਦੇ ਕੌਮੀ ਜਨਰਲ ਸਕੱਤਰ ਸੰਦੀਪ ਪਾਠਕ, ਸਟੇਟ ਪ੍ਰਧਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਵਰਕਿੰਗ ਸਟੇਟ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ, ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ, ਅਮਨਦੀਪ ਸਿੰਘ ਮੋਹੀ ਚੇਅਰਮੈਨ ਮਾਰਕਫੈਡ ਅਤੇ ਹੋਰ ਸੀਨੀਅਰ ਸੀਨੀਅਰ ਆਗੂਆਂ ਦਾ ਧੰਨਵਾਦ ਕਰਦਿਆਂ ਸਪੋਰਟਸ ਵਿੰਗ ਦੇ ਸਟੇਟ ਪ੍ਰਧਾਨ ਓਲੰਪੀਅਨ ਸੁਰਿੰਦਰ ਸਿੰਘ ਸੋਢੀ, ਵਿਧਾਇਕ ਅਤੇ ਲੋਕ ਸਭਾ ਦੇ ਕੈਂਡੀਡੇਟ ਅਸ਼ੋਕ ਪ੍ਰੋਸਰ ਪੱਪੀ ਸ਼ਾਹਪੁਰੀਆ, ਵਿਧਾਇਕ ਗੁਰਪ੍ਰੀਤ ਸਿੰਘ ਗੋਗੀ ਵਿਧਾਇਕ ਦਲਜੀਤ ਸਿੰਘ ਭੋਲਾ, ਵਿਧਾਇਕ ਜਗਤਾਰ ਸਿੰਘ ਦਿਆਲਪੁਰ ਸਮਰਾਲਾ ਵਿਧਾਇਕ ਕੁਲਵੰਤ ਸਿੰਘ ਸਿੱਧੂ, ਵਿਧਾਇਕ ਰਜਿੰਦਰ ਪਾਲ ਕੌਰ ਛੀਨਾਂ, ਵਿਧਾਇਕ ਮਦਨ ਲਾਲ ਬੱਗਾ, ਜ਼ਿਲ੍ਹਾ ਲੁਧਿਆਣਾ ਦੇ ਖੇਡ ਵਿੰਗ ਦੇ ਪ੍ਰਧਾਨ ਸੋਨੀਆ ਅਲੱਗ, ਧਰਮਿੰਦਰ ਸਿੰਘ ਕੋਆਰਡੀਨੇਟਰ ਵਿਧਾਨ ਸਭਾ ਆਤਮ ਨਗਰ, ਕਮਲ ਨੇਗੀ, ਗੁਰਪ੍ਰੀਤ ਸਿੰਘ ਸੁਰਿੰਦਰ ਸਿੰਘ ਸ਼ਿੰਦਾ ਲਹਿਰਾ ਹੋਰ ਆਗੂਆਂ ਨੇ ਜਗਰੂਪ ਸਿੰਘ ਜਰਖੜ ਨੂੰ ਮੁਬਾਰਕਬਾਦ ਦਿੰਦਿਆਂ ਭਵਿੱਖ ਵਿੱਚ ਕਾਮਯਾਬੀ ਦੀਆਂ ਸ਼ੁੱਭ ਕਾਮਨਾਵਾਂ ਦਿੱਤੀਆਂ। ਉਹਨਾਂ ਆਖਿਆ ਕਿ ਜਗਰੂਪ ਸਿੰਘ ਜਰਖੜ ਦੀ ਸਮੂਲੀਅਤ ਨਾਲ ਆਮ ਆਦਮੀ ਪਾਰਟੀ ਦਾ ਖੇਡ ਵਿੰਗ ਹੋਰ ਵੱਡੇ ਪੱਧਰ ਤੇ ਮਜ਼ਬੂਤ ਹੋਵੇਗਾ। ਇਸ ਮੌਕੇ ਪਾਰਟੀ ਦੇ ਹੋਰ ਨਵੇਂ ਬਣੇ ਅਹੁਦੇਦਾਰ ਪ੍ਰਦੀਪ ਅੱਪੂ ਨੂੰ ਸਟੇਟ ਸਕੱਤਰ ਸਪੋਰਟਸ ਵਿੰਗ, ਕੁਲਦੀਪ ਸਿੰਘ ਗਿੱਲ ਘਵੱਦੀ ਨੂੰ ਹਲਕਾ ਗਿੱਲ ਸਪੋਰਟਸ ਵਿੰਗ ਦਾ ਪ੍ਰਧਾਨ ਬਨਣ ਤੇ ਵੀ ਮੁਬਾਰਕਬਾਦ ਦਿੱਤੀ।

# ਸੰਤ ਕਰਤਾਰ ਸਿੰਘ ਭਿੰਡਰਾਂਵਾਲੇ ਦੇ ਭਤੀਜੇ ਦਾ ਕਤਲ, ਇਲਾਕੇ 'ਚ ਫੈਲੀ ਦਹਿਸ਼ਤ



ਬਟਾਲਾ ਤੋ ਦਮਦਮੀ ਟਕਸਾਲ ਦੇ 13ਵੇਂ ਮੁਖੀ ਸੰਤ ਕਰਤਾਰ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਭਤੀਜੇ ਅਤੇ ਸੰਤ ਸਮਾਜ ਦੇ ਮੁੱਖ ਬੁਲਾਰੇ ਭਾਈ ਬਲਵਿੰਦਰ ਸਿੰਘ ਖਾਲਸਾ ਨੂੰ ਕਤਲ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਬਟਾਲਾ ਪੁਲਿਸ ਅਧੀਨ ਪੈਂਦੇ ਕਸਬਾ ਘੁਮਾਣ ਦੇ ਨਜ਼ਦੀਕ ਗੁਰਦੁਆਰਾ ਗੁਰੂ ਰਾਮਦਾਸ ਸਾਹਿਬ ਜੀ ਅਠਵਾਲ ਪੁਲ 'ਤੇ ਬੀਤੀ ਰਾਤ ਬਲਵਿੰਦਰ ਸਿੰਘ ਖਾਲਸਾ ਨੂੰ ਕਤਲ ਕਰ ਦਿੱਤਾ ਗਿਆ। ਉਨ੍ਹਾਂ ਦੀ ਮ੍ਰਿਤਕ ਦੇਹ ਗੁਰਦੁਆਰਾ ਕੰਪਲੈਕਸ ਵਿਚ ਖੂਨ ਨਾਲ ਲੱਥਪੱਥ ਮਿਲੀ। ਕਤਲ ਤੋ ਬਾਅਦ ਪੂਰੇ ਇਲਾਕੇ 'ਚ ਸਨਸਨੀ ਫੈਲ ਗਈ।

ਜ਼ਿਕਰਯੋਗ ਹੈ ਕਿ ਭਾਈ ਬਲਵਿੰਦਰ ਸਿੰਘ ਖਾਲਸਾ ਬਟਾਲਾ ਦੇ ਕਸਬਾ ਘੁਮਾਣ ਨੇੜੇ ਗੁਰਦੁਆਰਾ ਗੁਰੂ ਰਾਮਦਾਸ ਸਾਹਿਬ ਦੇ ਮੁਖੀ ਸਨ ਅਤੇ ਗੁਰਦੁਆਰਾ ਸਾਹਿਬ ਵਿੱਚ ਸੇਵਾ-ਸੰਭਾਲ ਕਰਦੇ ਸਨ। ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਦੀ ਰਿਹਾਇਸ਼ ਗੁਰਦੁਆਰਾ ਸਾਹਿਬ ਦੇ ਕੋਲ ਸੀ ਜਿੱਥੇ ਦੇਰ ਰਾਤ ਘਰ ਦੇ ਅੰਦਰ ਹੀ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ। ਮੌਕੇ 'ਤੇ ਪਹੁੰਚੇ ਪੁਲਿਸ ਮੁਲਾਜ਼ਮਾਂ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਮਿਲੀ ਜਾਣਕਾਰੀ ਮੁਤਾਬਿਕ ਭਾਈ ਬਲਵਿੰਦਰ ਸਿੰਘ ਖਾਲਸਾ ਦੇ ਕਤਲ ਦਾ ਸ਼ੱਕ ਦੀ ਸੂਈ ਸੇਵਕ ਰਮਨਦੀਪ ਸਿੰਘ ਵਾਸੀ ਸਲਾਹਪੁਰ ਵੱਲ ਜਾ ਰਹੀ ਹੈ, ਕਿਉਕਿ ਕਤਲ ਤੋਂ ਬਾਅਦ ਉਨ੍ਹਾਂ ਦਾ ਸੇਵਕ ਫ਼ਰਾਰ ਦੱਸਿਆ ਜਾ ਰਿਹਾ ਹੈ। ਪੁਲਿਸ ਵੱਲੋਂ ਸਾਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਨਵਜੋਤ ਸਿੱਧੂ ਧੜਾ ਅਜੇ ਵੀ ਕਾਂਗਰਸ ਦੀ ਚੋਣ ਮੁਹਿੰਮ ਤੋਂ ਦੂਰ

ਮਾਨਸਾ : ਪੰਜਾਬ ਵਿੱਚ ਲੋਕ ਸਭਾ ਚੋਣਾਂ ਦਾ ਮਾਹੌਲ ਭਖਣ ਦੇ ਬਾਵਜੂਦ ਕਾਂਗਰਸ ਪਾਰਟੀ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਸਮੇਤ ਉਸ ਧੜੇ ਦੇ ਵੱਡੀ ਗਿਣਤੀ ਵਿੱਚ ਸਾਬਕਾ ਵਿਧਾਇਕ, ਸਾਬਕਾ ਜ਼ਿਲ੍ਹਾ ਪ੍ਰਧਾਨਾਂ ਸਮੇਤ ਹਲਕਾ ਇੰਚਾਰਜਾਂ ਨੇ ਹੁਣ ਤੱਕ ਕਾਂਗਰਸ ਦੀ ਚੋਣ ਮੁਹਿੰਮ ਵਿੱਚ ਭਾਗ ਲੈਣ ਤੋ ਦੂਰੀ ਬਣਾਈ ਹੋਈ ਹੈ। ਇਸ ਧੜੇ ਨੂੰ ਅਜੇ ਤੱਕ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸਮੇਤ ਹੋਰਨਾਂ ਆਗੂਆਂ ਵੱਲੋ ਮਨਾਉਣ ਅਤੇ ਸੁਲ੍ਹਾ-ਸਫ਼ਾਈ ਲਈ ਕੋਈ ਠੋਸ ਉਪਰਾਲੇ ਨਹੀਂ ਕੀਤੇ ਗਏ ਹਨ ਜਿਸ ਨੂੰ ਕਾਂਗਰਸ ਲਈ ਖ਼ਤਰੇ ਦੀ ਘੰਟੀ ਮੰਨਿਆ ਜਾਣ ਲੱਗਿਆ ਹੈ। ਵੇਰਵਿਆਂ ਅਨੁਸਾਰ ਲੋਕ ਸਭਾ ਚੋਣਾਂ ਤੋ ਪਹਿਲਾਂ ਨਵਜੋਤ ਸਿੰਘ ਸਿੱਧੂ ਵੱਲੋ ਬਠਿੰਡਾ ਦੇ ਕੋਟਸ਼ਮੀਰ, ਮਹਿਰਾਜ ਅਤੇ ਮੋਗਾ ਸਮੇਤ ਇੱਕ-ਦੋ ਹੋਰ ਥਾਵਾਂ ਉਪਰ ਕਾਂਗਰਸ ਦੇ ਬੈਨਰ ਹੇਠ ਪਾਰਟੀ ਦੀ ਮਜ਼ਬੂਤੀ ਲਈ ਰੈਲੀਆਂ ਕੀਤੀਆਂ ਗਈਆਂ, ਜਿਹੜੀਆਂ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸਮੇਤ ਹੋਰਨਾਂ ਨੂੰ ਰੜਕਨ ਲੱਗੀਆਂ ਸਨ। ਪਾਰਟੀ ਵੱਲੋ ਇਨ੍ਹਾਂ ਰੈਲੀਆਂ ਦੇ ਕੁਝ ਪ੍ਰਬੰਧਕਾਂ ਨੂੰ ਬਾਹਰ ਦਾ ਰਸਤਾ ਵੀ ਵਿਖਾਇਆ ਗਿਆ ਅਤੇ ਕਈ ਨੇਤਾਵਾਂ ਨਾਲ ਆਪਸੀ ਦੂਰੀ ਬਣਾਈ ਗਈ। ਹੁਣ ਜਦੋ ਲੋਕ ਸਭਾ ਚੋਣਾਂ ਲਈ ਪਾਰਟੀ ਵੱਲੋ ਉਮੀਦਵਾਰਾਂ ਦਾ ਐਲਾਨ ਹੋ ਗਿਆ ਹੈ ਤਾਂ ਪਾਰਟੀ 'ਚੋ ਕੱਢੇ ਗਏ ਅਤੇ ਦੂਰੀ ਬਣਾਈ ਬੈਠੇ ਨੇਤਾਵਾਂ ਨਾਲ ਅਜੇ ਤੱਕ ਪਾਰਟੀ ਉਮੀਦਵਾਰਾਂ ਨੇ ਰਾਬਤਾ ਨਹੀਂ ਕੀਤਾ ਅਤੇ ਨਾ ਹੀ ਉਨ੍ਹਾਂ ਦੀ ਕਾਂਗਰਸ ਪਾਰਟੀ ਵਿੱਚ ਘਰ ਵਾਪਸੀ ਕਰਵਾਈ ਗਈ ਹੈ। ਨਵਜੋਤ ਸਿੰਘ ਸਿੱਧੂ ਧੜੇ ਦੇ ਪਾਰਟੀ 'ਚੋ ਕੱਢੇ ਗਏ ਨੇਤਾਵਾਂ ਵਿੱਚ ਸਾਬਕਾ ਵਿਧਾਇਕ ਸੁਰਜੀਤ ਸਿੰਘ ਧੀਮਾਨ, ਸਾਬਕਾ ਵਿਧਾਇਕ ਪਿਰਮਲ ਸਿੰਘ ਖਾਲਸਾ, ਮਹੇਸ਼ਇੰਦਰ ਸਿੰਘ ਨਿਹਾਲੇਵਾਲੀਆ ਸਾਬਕਾ ਵਿਧਾਇਕ, ਧਰਮਪਾਲ ਸਿੰਘ ਨਿਹਾਲੇਵਾਲੀਆ, ਬਠਿੰਡਾ ਦਿਹਾਤੀ ਤੋ ਦੋ ਵਾਰ ਵਿਧਾਨ ਸਭਾ ਦੀ ਚੋਣ ਲੜਨ ਵਾਲੇ ਹਰਵਿੰਦਰ ਸਿੰਘ ਲਾਡੀ, ਮਨਸਿਮਰਤ ਸਿੰਘ ਰਿਆੜ ਪਟਿਆਲਾ ਅਤੇ ਲਾਲੀ ਪਟਿਆਲਾ ਮੁੱਖ ਰੂਪ ਵਿੱਚ ਸ਼ਾਮਲ ਹਨ। ਨਵਜੋਤ ਸਿੰਘ ਸਿੱਧੂ ਦੀਆਂ ਸਿਆਸੀ ਸਰਗਰਮੀਆਂ ਖਿਲਾਫ਼ ਮੌਜੂਦਾ ਕਾਂਗਰਸ ਪਾਰਟੀ ਦੇ ਪ੍ਰਧਾਨ ਸਮੇਤ ਸੀਨੀਅਰ ਕਾਂਗਰਸੀ ਆਗੂਆਂ ਨੇ ਪਾਰਟੀ ਹਾਈਕਮਾਨ ਕੋਲ ਸ਼ਿਕਾਇਤ ਕੀਤੀ ਸੀ।

# ਬਾਡੀ ਬਿਲਡਰ ਪ੍ਰਵੀਨ ਨਾਂਦਲ ਨੇ ਚਮਕਾਇਆ ਦੇਸ਼ ਦਾ ਨਾਮ, ਸਵੀਡਨ 'ਚ ਜਿੱਤੀ ਆਇਰਨ ਵਰਲਡ ਚੈਂਪੀਅਨਸ਼ਿਪ



ਸਵੀਡਨ (ਪੰਜਾਬ ਸਟਾਰ): ਹਾਲ ਹੀ ਵਿੱਚ ਹਵਾਈ ਦੀਪ ਦੇ ਕੈਲੁਆ-ਕੋਨਾ ਵਿੱਚ ਆਯੋਜਿਤ ਆਇਰਨ ਵਰਲਡ ਚੈਂਪੀਅਨਸ਼ਿਪ ਵਿੱਚ ਮਹਾਰਾਣਾ ਪਿੰਡ ਦੇ ਪ੍ਰਵੀਨ ਨਾਂਦਲ ਨੇ ਭਾਰਤ ਦਾ ਨਾਮ ਰੌਸ਼ਨ ਕੀਤਾ ਹੈ। ਉਹ ਐਨਪੀਸੀ ਸਵੀਡਨ ਵੱਲੋਂ ਆਯੋਜਿਤ ਆਇਰਨ ਵਿਸ਼ਵ ਚੈਂਪੀਅਨਸ਼ਿਪ ਜਿੱਤ ਕੇ ਜੇਤੂਆਂ ਵਿੱਚ ਚੌਥੇ ਨੰਬਰ 'ਤੇ ਰਹੇ। ਸਾਲ 2006 ਸਟੇਟ ਤੇ 2023 ਵਿੱਚ ਰਸਿਆ ਚੈਂਪੀਅਨ ਬਣੇ ਪ੍ਰਵੀਨ ਨਾਂਦਲ ਨੇ ਪਹਿਲਾਂ ਛਾਤੀ ਤੇ ਫਿਰ ਹੱਥ ਦਾ ਮਾਸ ਫਟਣ 'ਤੇ ਸਰਜਰੀ ਕਰਵਾਈ ਤੇ ਕੋਵਿਦ ਤੋ ਬਾਹਰ ਆਉਣ ਦੇ ਬਾਅਦ ਹੁਣ ਸਵੀਡਨ ਵਿੱਚ ਆਇਰਨ ਵਿਸ਼ਵ ਚੈਂਪੀਅਨ ਵਿੱਚ ਆਪਣਾ ਦਬਦਬਾ ਕਾਇਮ ਕੀਤਾ।

ਪ੍ਰਵੀਨ ਨਾਂਦਲ ਨੇ ਕਿਹਾ ਕਿ ਜਨਵਰੀ 2023 ਵਿੱਚ ਸੜਕ ਹਾਦਸੇ ਵਿੱਚ ਉਸਦੇ ਟ੍ਰਾਈਸੈਪਸ ਦੇ ਮਸਲ ਫਟ ਗਏ ਸਨ। ਇਸਦੀ ਰਿਕਵਰੀ ਦੇ ਕਰੀਬ 14 ਮਹੀਨੇ ਲੱਗੇ। ਤਕਰੀਬਨ ਇੱਕ ਮਹੀਨੇ ਦਿਨ ਰਾਤ ਸਖਤ ਮਿਹਨਤ ਦੇ ਕਾਰਨ ਪ੍ਰਤੀਯੋਗਤਾ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਸਕਿਆ। ਨਾਂਦਲ ਨੇ ਦੱਸਿਆ ਕਿ ਪ੍ਰੋਸੋ ਕੁਆਲੀਫਾਈ ਪ੍ਰਤੀਯੋਗਤਾ ਵਿੱਚ 30 ਦੇਸ਼ ਦੇ ਖਿਡਾਰੀਆਂ ਨੇ ਹਿੱਸਾ ਲਿਆ ਸੀ, ਜਿਸ ਵਿੱਚ ਉਹ 10ਵੇਂ ਸਥਾਨ 'ਤੇ ਰਹੇ ਸਨ। ਉਨ੍ਹਾਂ ਨੇ ਦੱਸਿਆ ਕਿ ਜੂਨ ਵਿੱਚ ਹੋਣ ਵਾਲੀ ਇਸ ਪ੍ਰਤੀਯੋਗਤਾ ਦੇ ਲਈ ਕੁਆਲੀਫਾਈ ਕਰ ਲਿਆ ਹੈ। ਪ੍ਰਵੀਨ ਨੇ ਦੱਸਿਆ ਕਿ ਇਹ ਮੇਰੀ ਜ਼ਿੰਦਗੀ ਦੀ ਸਭ ਤੋ ਮੁਸ਼ਕਿਲ ਪ੍ਰਤੀਯੋਗਤਾ ਸੀ। ਸੱਟ ਲੱਗਣ ਦੇ ਬਾਵਜੂਦ ਵੀ ਹਿੰਦੁਸਤਾਨ ਨੂੰ ਮੈਡਲ ਦਿਵਾਉਣ ਦੀ ਮੈਂ ਬਹੁਤ ਕੋਸ਼ਿਸ਼ ਕੀਤੀ ਤੇ ਮੈਨੂੰ ਜਿੱਤ ਵੀ ਹਾਸਿਲ ਹੋਈ।

ਉਥੇ ਹੀ ਨਾਂਦਲ ਨੇ ਨੌਜਵਾਨਾਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਫੇਕ ਸਪਲੀਮੈਂਟ ਤੋ ਦੂਰ ਰਹਿਣ ਤੇ ਵਧੀਆ ਡਾਈਟ ਲੈਣ ਦੇ ਨਾਲ-ਨਾਲ ਘਰ ਦੀ ਵਧੀਆ ਡਾਈਟ ਲੈਣ ਦੀ ਸਲਾਹ ਦਿੱਤੀ। ਉਨ੍ਹਾਂ ਨੇ ਕਿਹਾ ਕਿ ਨਸ਼ਾ ਕਿਸੇ ਵੀ ਦੇਸ਼ ਦੇ ਲੋਕਾਂ ਨੂੰ ਖੋਖਲਾ ਕਰਦਾ ਹੈ। ਇਸ ਲਈ ਉਨ੍ਹਾਂ ਨੇ ਨੌਜਵਾਨਾਂ ਨੂੰ ਨਸ਼ੇ ਤੋ ਦੂਰ ਰਹਿਣ ਦੀ ਅਪੀਲ ਕੀਤੀ। ਪ੍ਰਵੀਨ ਨਾਂਦਲ ਨੇ ਕਿਹਾ ਕਿ ਉਹ ਸਟੇਟ, ਰਾਸ਼ਟਰੀ, ਅੰਤਰਰਾਸ਼ਟਰੀ ਮੈਡਲ ਜਿੱਤ ਚੁੱਕੇ ਹਨ। 2005-06 ਵਿੱਚ ਇੰਟਰ ਕਾਲਜ ਵਿੱਚ ਗੋਲਡ, 2007-08 ਵਿੱਚ ਸਟੇਟ ਚੈਂਪੀਅਨਸ਼ਿਪ ਵਿੱਚ ਗੋਲਡ, 2006 ਵਿੱਚ ਆਲ ਇੰਡੀਆ ਯੂਨੀਵਰਸਿਟੀ ਚੈਂਪੀਅਨਸ਼ਿਪ ਵਿੱਚ ਸਿਲਵਰ, 2008 ਵਿੱਚ ਆਲ ਇੰਡੀਆ ਯੂਨੀਵਰਸਿਟੀ ਚੈਂਪੀਅਨਸ਼ਿਪ ਅੰਨਦਪੁਰ ਸਾਹਿਬ ਵਿੱਚ ਕਾਂਸੀ, 2009 ਵਿੱਚ ਨਾਰਥ ਇੰਡੀਆ ਚੈਂਪੀਅਨਸ਼ਿਪ ਵਿੱਚ ਕਾਂਸੀ, 2012 ਵਿੱਚ ਓਪਨ ਏਸ਼ੀਆ ਵਿੱਚ ਗੋਲਡ ਮੈਡਲ ਹਾਸਿਲ ਕੀਤਾ ਸੀ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY




HEART BRAIN LIVER KIDNEYS

ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇੱਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੁਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿੱਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
100% NATURAL PRODUCT
PRODUCT OF CANADA
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market
20 Red Maple Dr.
Brampton
Indian Food Land
45 Dusk Drive,
Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim

- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.



Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ



Salvage Inspection Station
Government Approved Licensed Body Shop



Jessie Srai
We Welcome ALL INSURANCE CLAIMS
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਈਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ... with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you, OAC. Some restrictions apply.



✓ PURCHASES
✓ REFINANCES
✓ RENEWALS
✓ DEBT CONSOLIDATION
✓ SELF-EMPLOYED
✓ NEW TO CANADA
✓ HOME RENOVATIONS
✓ PRIVATE MORTGAGE
✓ INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®



CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

## ਚੋਣਾਂ 'ਚ ਮੋਦੀ ਸਰਕਾਰ ਨੇ ਬਣਾਇਆ ਕਮਾਈ ਦਾ ਨਵਾਂ ਰਿਕਾਰਡ

### ਪਹਿਲੀ ਵਾਰ GST ਕਲੈਕਸ਼ਨ ਹੋਇਆ 2.10 ਲੱਖ ਕਰੋੜ



ਪੰਜਾਬ ਸਟਾਰ

ਨਵੀਂ ਦਿੱਲੀ : ਚੋਣਾਂ ਦੇ ਵਿਚ ਕੇਂਦਰ ਸਰਕਾਰ ਨੂੰ ਜੀਐੱਸਟੀ ਦੇ ਮੋਰਚੇ 'ਤੇ ਲਗਾਤਾਰ ਸਫਲਤਾ ਮਿਲੀ ਹੈ। ਵਿੱਤੀ ਸਾਲ ਦੇ ਪਹਿਲੇ ਮਹੀਨੇ ਵਿਚ ਹੀ ਜੀਐੱਸਟੀ ਕਲੈਕਸ਼ਨ ਨੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਅੰਕੜਿਆਂ ਮੁਤਾਬਕ ਅਪ੍ਰੈਲ ਦੇ ਮਹੀਨੇ ਵਿਚ ਜੀਐੱਸਟੀ ਕਲੈਕਸ਼ਨ ਪਹਿਲੀ ਵਾਰ 2 ਲੱਖ ਕਰੋੜ ਦੇ ਪਾਰ ਚਲਾ ਗਿਆ ਹੈ। ਪਿਛਲੇ ਸਾਲ ਦੀ ਮਿਆਦ ਦੇ ਮੁਕਾਬਲੇ ਇਸ ਵਿਚ 12 ਫੀਸਦੀ ਤੋਂ ਵੱਧ ਦਾ ਵਾਧਾ ਦੇਖਣ ਨੂੰ ਮਿਲਿਆ ਹੈ ਜਦੋਂ ਕਿ ਪਿਛਲੇ ਸਾਲ ਅਪ੍ਰੈਲ ਦੇ ਮਹੀਨੇ ਵਿਚ ਹੀ ਜੀਐੱਸਟੀ ਕਲੈਕਸ਼ਨ 1.87 ਲੱਖ ਕਰੋੜ ਦੇ ਪਾਰ ਗਿਆ ਸੀ। ਇਸ ਦੇ ਬਾਅਦ ਇਹ ਰਿਕਾਰਡ ਕਿਸੇ ਮਹੀਨੇ ਵਿਚ ਨਹੀਂ ਟੁੱਟ ਸਕਿਆ।

ਲੋਕ ਸਭਾ ਚੋਣਾਂ ਦੇ ਵਿਚ ਅਪ੍ਰੈਲ ਦੇ ਮਹੀਨੇ ਵਿਚ ਜੀਐੱਸਟੀ ਕਲੈਕਸ਼ਨ ਪਹਿਲੀ ਵਾਰ 2 ਲੱਖ ਕਰੋੜ ਦੇ ਪਾਰ ਪਹੁੰਚ ਗਿਆ ਹੈ। ਅੱਜ ਤੋਂ ਪਹਿਲਾਂ ਜੀਐੱਸਟੀ ਕਲੈਕਸ਼ਨ 2 ਲੱਖ ਕਰੋੜ ਰੁਪਏ ਤੱਕ ਕਦੇ ਨਹੀਂ ਪਹੁੰਚਿਆ ਹੈ। ਜੀਐੱਸਟੀ ਕਲੈਕਸ਼ਨ ਵਿਚ ਸਾਲ-ਦਰ-ਸਾਲ 12.4 ਫੀਸਦੀ ਦਾ ਵਾਧਾ ਦੇਖਣ ਨੂੰ ਮਿਲਿਆ ਹੈ। ਰਿਫੰਡ ਦੇ ਬਾਅਦ ਅਪ੍ਰੈਲ 2024 ਲਈ ਨੈੱਟ ਜੀਐੱਸਟੀ ਰੈਵੇਨਿਊ ਦਾ ਅੰਕੜਾ 1.92 ਲੱਖ ਕਰੋੜ ਰੁਪਏ ਹੈ ਜੋ ਪਿਛਲੇ ਸਾਲ ਦੀ ਬਰਾਬਰ ਮਿਆਦ ਦੀ ਤੁਲਨਾ ਵਿਚ 17.1 ਫੀਸਦੀ ਜ਼ਿਆਦਾ ਹੈ। ਅਪ੍ਰੈਲ ਵਿਚ ਕੇਂਦਰੀ ਜੀਐੱਸਟੀ ਇਕੱਠ 43,846 ਕਰੋੜ ਰੁਪਏ ਤੇ ਸੂਬਾ ਜੀਐੱਸਟੀ 53,538 ਕਰੋੜ ਰੁਪਏ ਰਿਹਾ। ਏਕੀਕ੍ਰਿਤ 99,623 ਕਰੋੜ ਰੁਪਏ ਰਿਹਾ ਜਿਸ ਵਿਚ ਆਯਾਤ ਵਸਤਾਂ 'ਤੇ ਕੁਲੈਕਸ਼ਨ 'ਚ 37,826 ਕਰੋੜ ਰੁਪਏ ਸ਼ਾਮਲ ਹਨ। ਸੈੱਸ ਕੁਲੈਕਸ਼ਨ 13,260 ਕਰੋੜ ਰੁਪਏ ਰਹੀ, ਜਿਸ 'ਚ 1,008 ਕਰੋੜ ਰੁਪਏ ਦੇ ਆਯਾਤ ਮਾਲ 'ਤੇ ਕੁਲੈਕਸ਼ਨ ਸ਼ਾਮਲ ਹੈ।

ਪਿਛਲੇ ਵਿੱਤੀ ਸਾਲ ਵਿਚ 12 ਵਿਚੋਂ 10 ਮਹੀਨਿਆਂ ਦਾ ਜੀਐੱਸਟੀ ਕਲੈਕਸ਼ਨ 1.60 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਦੇਖਣ ਨੂੰ ਮਿਲਿਆ ਸੀ ਜਿਸ ਵਿਚ 2 ਮਹੀਨੇ ਮਈ ਵਿਚ 1.57 ਲੱਖ ਕਰੋੜ ਰੁਪਏ, ਅਗਸਤ ਮਹੀਨੇ ਵਿਚ 1.59 ਲੱਖ ਕਰੋੜ ਰੁਪਏ ਸ਼ਾਮਲ ਹਨ। ਦਸੰਬਰ ਦੇ ਮਹੀਨੇ ਵਿਚ ਜੀਐੱਸਟੀ ਕਲੈਕਸ਼ਨ 1.78 ਲੱਖ ਕਰੋੜ ਰੁਪਏ ਹੋਇਆ ਸੀ ਜੋ ਕਿ ਮੌਜੂਦਾ ਸਮੇਂ ਵਿਚ ਤੀਜਾ ਸਭ ਤੋਂ ਵੱਡਾ ਕਲੈਕਸ਼ਨ ਹੈ ਜਦੋਂ ਕਿ ਪਿਛਲੇ ਸਾਲ ਅਪ੍ਰੈਲ ਦੇ ਮਹੀਨੇ ਵਿਚ ਹੀ 1.87 ਲੱਖ ਕਰੋੜ ਤੋਂ ਜ਼ਿਆਦਾ ਫਾਇਦਾ ਦੇਖਣ ਨੂੰ ਮਿਲਿਆ ਸੀ।

## ਚੋਣ ਅਧਿਕਾਰੀ ਦੇ ਡਿਪਟੀ ਕਮਿਸ਼ਨਰਾਂ ਨੂੰ ਆਦੇਸ਼

### ਚੋਣ ਜ਼ਾਬਤੇ ਦੀ ਉਲੰਘਣਾ ਅਤੇ 'ਫੇਕ ਨਿਊਜ਼' ਉੱਤੇ ਰੱਖੀ ਜਾਵੇ ਤਿੱਖੀ ਨਜ਼ਰ




ਚੰਡੀਗੜ੍ਹ: ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਬੁੱਧਵਾਰ ਨੂੰ ਲੋਕ ਸਭਾ ਚੋਣਾਂ-2024 ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ-ਕਮ-ਜ਼ਿਲ੍ਹਾ ਚੋਣ ਅਧਿਕਾਰੀਆਂ, ਪੁਲਿਸ ਕਮਿਸ਼ਨਰਾਂ ਅਤੇ ਐਸਐਸਪੀਜ਼ ਨਾਲ ਵੀਡੀਓ ਕਾਨਫਰੰਸਿੰਗ ਰਾਹੀ ਮੀਟਿੰਗ ਕੀਤੀ।

ਮੀਟਿੰਗ ਦੌਰਾਨ ਸਿਬਿਨ ਸੀ ਨੇ ਪੋਲਿੰਗ ਸਟੇਸ਼ਨਾਂ ਉੱਤੇ ਪ੍ਰਬੰਧਾਂ, ਪੋਲਿੰਗ ਸਟਾਫ ਦੀ ਤਾਇਨਾਤੀ, ਸੰਵੇਦਨਸ਼ੀਲ ਮੈਪਿੰਗ, ਸਵੀਪ (ਸਿਸਟੇਮੈਟਿਕ ਵੋਟਰਜ਼ ਐਜੂਕੇਸ਼ਨ ਅਤੇ ਇਲੈਕਟੋਰਲ ਪਾਰਟੀਸੀਪੇਸ਼ਨ) ਗਤੀਵਿਧੀਆਂ, ਵੈਬਕਾਸਟਿੰਗ, ਸੀਆਰਪੀਐਫ ਦੀ ਤਾਇਨਾਤੀ, ਸੰਚਾਰ ਯੋਜਨਾ, ਅੰਤਰਰਾਜੀ ਸਰਹੱਦਾਂ ਉੱਤੇ ਸੁਰੱਖਿਆ ਪ੍ਰਬੰਧਾਂ ਦੇ ਨਾਲ-ਨਾਲ ਸੂਬੇ ਵਿੱਚ ਸੁਤੰਤਰ ਅਤੇ ਨਿਰਪੱਖ ਚੋਣਾਂ ਕਰਵਾਉਣ ਲਈ ਕਾਨੂੰਨ-ਵਿਵਸਥਾ ਦੀ ਸਥਿਤੀ ਦਾ ਜਾਇਜ਼ਾ ਲਿਆ।

ਮੀਟਿੰਗ ਦੌਰਾਨ ਵੱਖ-ਵੱਖ ਗਤੀਵਿਧੀਆਂ ਜਿਵੇਂ ਕਿ ਚੋਣ ਪਹਿਚਾਣ ਪੱਤਰ, ਵੋਟਰਾਂ ਦੀ ਜਾਣਕਾਰੀ, ਵੈਬਕਾਸਟਿੰਗ, ਈ.ਵੀ.ਐਮ. ਸਟੋਰੇਜ ਅਤੇ ਟਰਾਂਸਪੋਰਟਿੰਗ, ਫੇਕ ਨਿਊਜ਼ ਦੀ ਜਾਂਚ, ਸੰਵੇਦਨਸ਼ੀਲ ਪੋਲਿੰਗ ਖੇਤਰਾਂ ਦੀ ਪਛਾਣ, ਹੋਰ ਮਾਡਲ ਪੋਲਿੰਗ ਬੂਥਾਂ ਦੀ ਸਥਾਪਨਾ, ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਦਾ ਜਾਇਜ਼ਾ ਅਤੇ ਹਰੇਕ ਜ਼ਿਲ੍ਹੇ ਤੋਂ ਤਿਆਰੀਆਂ ਸਬੰਧੀ ਜਾਣਕਾਰੀ ਲਈ ਗਈ।

ਜ਼ਿਲ੍ਹਾ ਅਧਿਕਾਰੀਆਂ ਨੇ ਮੁੱਖ ਚੋਣ ਅਧਿਕਾਰੀ ਨੂੰ ਚੋਣਾਂ ਵਿੱਚ 'ਇਸ ਵਾਰ 70 ਪਾਰ' ਦੇ ਟੀਚੇ ਦੀ ਪ੍ਰਾਪਤੀ ਲਈ ਉਨ੍ਹਾਂ ਵੱਲੋਂ ਕੀਤੀਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ ਅਤੇ ਪਹਿਲਕਦਮੀਆਂ ਬਾਰੇ ਜਾਣੂੰ ਕਰਵਾਇਆ। ਉਨ੍ਹਾਂ ਨੇ ਪਾਰਦਰਸ਼ੀ ਅਤੇ ਨਿਰਵਿਘਨ ਚੋਣਾਂ ਕਰਵਾਉਣ ਲਈ ਭਾਰਤੀ ਚੋਣ ਕਮਿਸ਼ਨ ਵੱਲੋਂ ਨਿਰਧਾਰਤ ਸਾਰੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ।

ਸਿਬਿਨ ਸੀ ਨੇ ਸਬੰਧਤ ਅਧਿਕਾਰੀਆਂ ਨੂੰ ਸਿਖਲਾਈ ਸਥਾਨਾਂ, ਡਿਸਪਰਸਲ ਸੈਂਟਰਾਂ, ਪੋਲਿੰਗ ਸਟੇਸ਼ਨਾਂ ਅਤੇ ਕੁਲੈਕਸ਼ਨ ਕੇਂਦਰਾਂ 'ਤੇ ਵੱਖ-ਵੱਖ ਤਰੀਕਿਆਂ ਰਾਹੀ ਪੋਲਿੰਗ ਸਟਾਫ਼ ਨੂੰ ਗਰਮੀ ਤੋਂ ਬਚਾਉਣ ਲਈ ਲੋੜੀਂਦੇ ਉਪਾਅ ਕਰਨ ਦੇ ਵੀ ਨਿਰਦੇਸ਼ ਦਿੱਤੇ। ਉਨ੍ਹਾਂ ਪੋਲਿੰਗ ਸਟੇਸ਼ਨਾਂ ਅਤੇ ਗਿਣਤੀ ਕੇਂਦਰਾਂ 'ਤੇ ਸਟਾਫ਼ ਲਈ ਛਾਂ, ਪੀਣ ਵਾਲੇ ਪਾਣੀ, ਵੇਟਿੰਗ ਏਰੀਆ, ਵਧੀਆ ਕੁਆਲਿਟੀ ਦੇ ਪਖਾਨਿਆਂ ਦਾ ਪ੍ਰਬੰਧ ਕਰਨ ਲਈ ਵੀ ਕਿਹਾ।

ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਸੂਬੇ ਵਿਚ ਸੱਤਵੇਂ ਅਤੇ ਆਖਰੀ ਪੜਾਅ ਦੀ ਵੋਟਿੰਗ 1 ਜੂਨ ਨੂੰ ਹੋਵੇਗੀ ਅਤੇ ਨਾਮਜ਼ਦਗੀ ਪੱਤਰ ਦਾਖਲ ਕਰਨ ਲਈ 7 ਮਈ ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ। ਉਨ੍ਹਾਂ ਨੇ ਸਾਰੇ ਜ਼ਿਲ੍ਹਾ ਅਧਿਕਾਰੀਆਂ ਨੂੰ ਦੱਸਿਆ ਕਿ ਚੋਣ ਕਮਿਸ਼ਨ ਸਾਰੇ ਪ੍ਰਬੰਧਾਂ ਦੀਆਂ ਤਿਆਰੀਆਂ ਦੀ ਪ੍ਰਗਤੀ 'ਤੇ ਨਜ਼ਰ ਰੱਖ ਰਿਹਾ ਹੈ। ਉਨ੍ਹਾਂ ਚੋਣਾਂ ਨਾਲ ਸਬੰਧਿਤ ਸਾਰੇ ਕਾਰਜਾਂ ਨੂੰ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਪੂਰਾ ਕਰਨ ਲਈ ਪੂਰੇ ਤਾਲਮੇਲ ਨਾਲ ਕੰਮ ਕਰਨ ਲਈ ਕਿਹਾ।

ਮੀਟਿੰਗ ਦੌਰਾਨ ਵਿਸ਼ੇਸ਼ ਡਾਇਰੈਕਟਰ ਜਨਰਲ ਆਫ਼ ਪੁਲਿਸ ਲਾਅ ਐਂਡ ਆਰਡਰ ਅਰਪਿਤ ਸ਼ੁਕਲਾ, ਵਧੀਕ ਡੀਜੀਪੀ-ਕਮ-ਰਾਜ ਪੁਲਿਸ ਨੋਡਲ ਅਫ਼ਸਰ ਮੁਹੰਮਦ ਫਾਰੂਕੀ, ਵਧੀਕ ਮੁੱਖ ਚੋਣ ਅਧਿਕਾਰੀ ਹਰੀਸ਼ ਨਈਅਰ ਤੇ ਅਭਿਜੀਤ ਕਪਲਿਸ਼, ਜੁਆਇੰਟ ਮੁੱਖ ਚੋਣ ਅਧਿਕਾਰੀ ਸਕੱਤਰ ਸਿੰਘ ਬੱਲ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

## ਜਗਰੂਪ ਸਿੰਘ ਜਰਖੜ ਨੂੰ ਆਮ ਆਦਮੀ ਪਾਰਟੀ ਦੇ ਸਟੇਟ ਵਾਈਸ ਪ੍ਰੈਜ਼ੀਡੈਂਟ ਬਣਨ 'ਤੇ ਮੁਬਾਰਕਾਂ



ਲੁਧਿਆਣਾ (ਰਘਬੀਰ ਕਾਹਲੋਂ): ਆਮ ਆਦਮੀ ਪਾਰਟੀ ਪੰਜਾਬ ਵੱਲੋਂ ਉੱਘੇ ਖੇਡ ਪ੍ਰਮੋਟਰ, ਖੇਡ ਲੇਖਕ ਅਤੇ ਪਾਰਟੀ ਨਾਲ ਲੰਬੇ ਸਮੇਂ ਤੋਂ ਜੁੜੇ ਪਾਰਟੀ ਪ੍ਰਤੀ ਸਮਰਪਿਤ ਆਗੂ ਜਗਰੂਪ ਸਿੰਘ ਜਰਖੜ ਨੂੰ ਸਟੇਟ ਵਾਈਸ ਪ੍ਰੈਜੀਡੈਂਟ ਸਪੋਰਟਸ ਵਿੰਗ ਬਣਾਉਣ ਤੇ ਪਾਰਟੀ ਦੇ ਕੌਮੀ ਜਨਰਲ ਸਕੱਤਰ ਸੰਦੀਪ ਪਾਠਕ, ਸਟੇਟ ਪ੍ਰਧਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਵਰਕਿੰਗ ਸਟੇਟ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ, ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ, ਅਮਨਦੀਪ ਸਿੰਘ ਮੋਹੀ ਚੇਅਰਮੈਨ ਮਾਰਕਫੈਡ ਅਤੇ ਹੋਰ ਸੀਨੀਅਰ ਸੀਨੀਅਰ ਆਗੂਆਂ ਦਾ ਧੰਨਵਾਦ ਕਰਦਿਆਂ ਸਪੋਰਟਸ ਵਿੰਗ ਦੇ ਸਟੇਟ ਪ੍ਰਧਾਨ ਓਲੰਪੀਅਨ ਸੁਰਿੰਦਰ ਸਿੰਘ ਸੋਢੀ, ਵਿਧਾਇਕ ਅਤੇ ਲੋਕ ਸਭਾ ਦੇ ਕੈਂਡੀਡੇਟ ਅਸ਼ੋਕ ਪ੍ਰੋਸਰ ਪੱਪੀ ਸ਼ਾਹਪੁਰੀਆ, ਵਿਧਾਇਕ ਗੁਰਪ੍ਰੀਤ ਸਿੰਘ ਗੋਗੀ ਵਿਧਾਇਕ ਦਲਜੀਤ ਸਿੰਘ ਭੋਲਾ, ਵਿਧਾਇਕ ਜਗਤਾਰ ਸਿੰਘ ਦਿਆਲਪੁਰ ਸਮਰਾਲਾ ਵਿਧਾਇਕ ਕੁਲਵੰਤ ਸਿੰਘ ਸਿੱਧੂ, ਵਿਧਾਇਕ ਰਜਿੰਦਰ ਪਾਲ ਕੌਰ ਛੀਨਾਂ, ਵਿਧਾਇਕ ਮਦਨ ਲਾਲ ਬੱਗਾ, ਜ਼ਿਲ੍ਹਾ ਲੁਧਿਆਣਾ ਦੇ ਖੇਡ ਵਿੰਗ ਦੇ ਪ੍ਰਧਾਨ ਸੋਨੀਆ ਅਲੱਗ, ਧਰਮਿੰਦਰ ਸਿੰਘ ਕੋਆਰਡੀਨੇਟਰ ਵਿਧਾਨ ਸਭਾ ਆਤਮ ਨਗਰ, ਕਮਲ ਨੇਗੀ, ਗੁਰਪ੍ਰੀਤ ਸਿੰਘ ਸੁਰਿੰਦਰ ਸਿੰਘ ਸ਼ਿੰਦਾ ਲਹਿਰਾ ਹੋਰ ਆਗੂਆਂ ਨੇ ਜਗਰੂਪ ਸਿੰਘ ਜਰਖੜ ਨੂੰ ਮੁਬਾਰਕਬਾਦ ਦਿੰਦਿਆਂ ਭਵਿੱਖ ਵਿੱਚ ਕਾਮਯਾਬੀ ਦੀਆਂ ਸ਼ੁੱਭ ਕਾਮਨਾਵਾਂ ਦਿੱਤੀਆਂ। ਉਹਨਾਂ ਆਖਿਆ ਕਿ ਜਗਰੂਪ ਸਿੰਘ ਜਰਖੜ ਦੀ ਸ਼ਮੂਲੀਅਤ ਨਾਲ ਆਮ ਆਦਮੀ ਪਾਰਟੀ ਦਾ ਖੇਡ ਵਿੰਗ ਹੋਰ ਵੱਡੇ ਪੱਧਰ ਤੇ ਮਜ਼ਬੂਤ ਹੋਵੇਗਾ। ਇਸ ਮੌਕੇ ਪਾਰਟੀ ਦੇ ਹੋਰ ਨਵੇਂ ਬਣੇ ਅਹੁਦੇਦਾਰ ਪ੍ਰਦੀਪ ਅੱਪੂ ਨੂੰ ਸਟੇਟ ਸਕੱਤਰ ਸਪੋਰਟਸ ਵਿੰਗ, ਕੁਲਦੀਪ ਸਿੰਘ ਗਿੱਲ ਘਵੱਦੀ ਨੂੰ ਹਲਕਾ ਗਿੱਲ ਸਪੋਰਟਸ ਵਿੰਗ ਦਾ ਪ੍ਰਧਾਨ ਬਨਣ ਤੇ ਵੀ ਮੁਬਾਰਕਬਾਦ ਦਿੱਤੀ।

## ਭਾਜਪਾ ਆਗੂ ਬੋਨੀ ਅਜਨਾਲਾ ਦਾ ਬਿਆਨ

### "ਪ੍ਰਭੂ ਯਿਸੂ ਮਸੀਹ ਵੱਡਾ ਭਰਾ ਤੇ ਸਿੱਖ ਸੱਭ ਤੋਂ ਛੋਟਾ ਬੱਚਾ'



ਲੋਕ ਸਭਾ ਚੋਣਾਂ ਵਿਚਾਲੇ ਚੋਣ ਪ੍ਰਚਾਰ ਦੌਰਾਨ ਸਿਆਸੀ ਆਗੂਆਂ ਵਲੋਂ ਕਈ ਤਰ੍ਹਾਂ ਦੀਆਂ ਬਿਆਨਬਾਜ਼ੀਆਂ ਕੀਤੀਆਂ ਜਾ ਰਹੀਆਂ ਹਨ। ਇਸ ਵਿਚਾਲੇ ਕਈ ਆਗੂ ਅਪਣੇ ਵਿਵਾਦਤ ਬਿਆਨਾਂ ਨੂੰ ਲੈ ਕੇ ਚਰਚਾਵਾਂ ਵਿਚ ਹਨ। ਹੁਣ ਸਾਬਕਾ ਵਿਧਾਇਕ ਅਤੇ ਭਾਜਪਾ ਆਗੂ ਅਮਰਪਾਲ ਸਿੰਘ ਬੋਨੀ ਅਜਨਾਲਾ ਦਾ ਇਕ ਵਿਵਾਦਤ ਬਿਆਨ ਵਾਇਰਲ ਹੋ ਰਿਹਾ ਹੈ। ਇਸ ਵਿਚ ਉਨ੍ਹਾਂ ਕਿਹਾ ਕਿ 'ਪ੍ਰਭੂ ਯਿਸੂ ਮਸੀਹ ਵੱਡਾ ਭਰਾ ਤੇ ਸਿੱਖ ਸੱਭ ਤੋਂ ਛੋਟਾ ਬੱਚਾ' ਹੈ। ਅੰਮ੍ਰਿਤਸਰ ਵਿਚ ਇਸਾਈ ਭਾਈਚਾਰੇ ਦੇ ਇਕ ਪ੍ਰੋਗਰਾਮ ਦੌਰਾਨ ਬੋਨੀ ਅਜਨਾਲਾ ਨੇ ਕਿਹਾ, '2024 ਦਾ ਸੱਭ ਤੋਂ ਵੱਡਾ ਧਰਮ ਮਸੀਹ ਭਾਈਚਾਰਾ ਹੈ। ਸੱਭ ਤੋਂ ਵੱਡਾ ਭਰਾ ਪ੍ਰਭੂ ਯਿਸ਼ੂ ਮਸੀਹ ਅਤੇ ਸੱਭ ਤੋਂ ਛੋਟਾ ਭਰਾ ਸਿੱਖ ਹੈ'। ਸਿੱਖ ਭਾਈਚਾਰੇ ਵਿਚ ਇਸ ਬਿਆਨ ਨੂੰ ਲੈ ਕੇ ਰੋਸ ਦੇਖਣ ਨੂੰ ਮਿਲ ਰਿਹਾ ਹੈ। ਬਿਆਨ ਦੀ ਨਿਖੇਧੀ ਹੋਣ ਮਗਰੋਂ ਭਾਜਪਾ ਆਗੂ ਨੇ ਮੁਆਫ਼ੀ ਵੀ ਮੰਗੀ ਅਤੇ ਕਿਹਾ ਕਿ ਉਨ੍ਹਾਂ ਦੇ ਬਿਆਨ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ। ਇਕ ਵੀਡੀਉ ਜਾਰੀ ਕਰਦਿਆਂ ਅਜਨਾਲਾ ਨੇ ਕਿਹਾ, 'ਮੇਰੀ ਅਜਿਹੀ ਕੋਈ ਗਲਤ ਭਾਵਨਾ ਨਹੀ ਸੀ, ਮੇਰੇ ਬਿਆਨ ਨਾਲ ਛੇੜਛਾੜ ਕੀਤੀ ਗਈ ਅਤੇ ਇਹ ਕਿਸ ਨੇ ਕੀਤੀ ਹੈ, ਉਹ ਬਾਰੇ ਮੈਨੂੰ ਪਤਾ ਹੈ। ਜਿਸ ਧਰਮ ਵਿਚ ਮੇਰਾ ਜਨਮ ਹੋਇਆ ਉਹ ਸਰਬ ਸਾਂਝੀਵਾਲਤਾ ਦਾ ਸੁਨੇਹਾ ਦਿੰਦਾ ਹੈ ਤੇ ਮੈਂ ਹਰੇਕ ਭਾਈਚਾਰੇ ਦਾ ਦਿਲੋਂ ਸਤਿਕਾਰ ਕਰਦਾ ਹਾਂ ਅਤੇ ਕਰਦਾ ਰਹਾਂਗਾ'। ਬੋਨੀ ਅਜਨਾਲਾ ਨੇ ਕਿਹਾ ਕਿ ਜੇਕਰ ਉਨ੍ਹਾਂ ਦੇ ਬਿਆਨ ਨਾਲ ਕਿਸੇ ਨੂੰ ਠੇਸ ਪਹੁੰਚੀ ਹੈ ਤਾਂ ਉਹ ਮੁਆਫ਼ੀ ਮੰਗਦੇ ਹਨ।

## ਅੰਮ੍ਰਿਤਾ ਵੜਿੰਗ ਨੇ ਅਪਣੇ ਬਿਆਨ 'ਤੇ ਮੰਗੀ ਮੁਆਫ਼ੀ



ਬਠਿੰਡਾ : ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਇਕ ਪੋਸਟ ਸਾਂਝੀ ਕਰਕੇ ਪੰਜੇ ਸੰਬੰਧੀ ਦਿੱਤੇ ਗਏ ਬਿਆਨ 'ਤੇ ਮੁਆਫ਼ੀ ਮੰਗੀ ਹੈ। ਉਨ੍ਹਾਂ ਕਿਹਾ ਕਿ ਮੇਰੇ ਵਲੋਂ ਅਣਜਾਣੇ ਵਿਚ ਬੋਲੇ ਗਏ ਸ਼ਬਦਾਂ ਰਾਹੀ ਜਿਨ੍ਹਾਂ ਨੂੰ ਵੀ ਠੇਸ ਪੁੱਜੀ ਹੈ, ਮੈਂ ਦੋਵੇਂ ਹੱਥ ਜੋੜ ਕੇ ਉਨ੍ਹਾਂ ਤੋਂ ਮੁਆਫ਼ੀ ਮੰਗਦੀ ਹਾਂ।

ਅੰਮ੍ਰਿਤਾ ਵੜਿੰਗ ਨੇ ਪੋਸਟ ਸਾਂਝੀ ਕਰ ਕਿਹਾ ਕਿ ਤੋਂ ਪਹਿਲਾਂ ਮੈਂ ਦੋਵੇਂ ਹੱਥ ਜੋੜ ਕੇ ਉਹਨਾਂ ਸਭ ਤੋਂ ਮੁਆਫ਼ੀ ਮੰਗਣੀ ਚਾਹੁੰਦੀ ਹਾਂ ਜਿਹਨਾਂ ਦੀਆਂ ਭਾਵਨਾਵਾਂ ਨੂੰ ਮੇਰੇ ਅਣਜਾਣੇ ਵਿੱਚ ਬੋਲੇ ਗਏ ਬਿਆਨ ਤੋਂ ਠੇਸ ਪਹੁੰਚੀ ਹੈ। ਉਸ ਗੁਰੂ ਸਾਹਿਬ ਤੋਂ ਬਗੈਰ ਅਸੀ ਕੁੱਝ ਵੀ ਨਹੀਂ ਹਾਂ ਅਤੇ ਉਹਨਾਂ ਦੀ ਮਹਿਮਾ ਵਿਰੁੱਧ ਅਸੀਂ ਕਦੇ ਵੀ ਕੁੱਝ ਨਹੀਂ ਬੋਲ ਸਕਦੇ। ਮੈਂ ਤਾਂ ਉਸ ਅਕਾਲ ਪੁਰਖ ਦੀ ਇੱਕ ਨਿਮਾਣੀ ਜਿਹੀ ਸੇਵਾਦਾਰ ਹਾਂ, ਮੇਰਾ ਮਕਸਦ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਨਹੀ ਸੀ। ਉਹ ਵਾਹਿਗੁਰੂ ਅਤੇ ਸੰਗਤ ਬਖਸ਼ਣਹਾਰ ਹੈ ਮੈਂ ਆਪ ਸਭ ਜੀ ਪਾਸੋਂ ਮੁਆਫ਼ੀ ਮੰਗਦੀ ਹੋਈ ਭੁੱਲ ਬਖਸ਼ਾਉਂਦੀ ਹਾਂ।

## PU ਵਿਦਿਆਰਥੀਆਂ ਤੇ ਸਟਾਫ਼ ਨੂੰ ਪਛਾਣ ਕਾਰਡ ਪਾ ਕੇ ਰੱਖਣਾ ਹੋਇਆ ਲਾਜ਼ਮੀ



ਚੰਡੀਗੜ੍ਹ : ਪੰਜਾਬ ਯੂਨੀਵਰਸਿਟੀ (PU) 'ਚ ਬਾਹਰੀਆਂ ਦੇ ਦਾਖ਼ਲੇ ਨੂੰ ਰੋਕਣ ਲਈ ਵਿਦਿਆਰਥੀਆਂ ਨੂੰ ਪਛਾਣ ਕਾਰਡ ਪਹਿਨਣ ਲਈ ਕਿਹਾ ਗਿਆ ਹੈ। ਵੂ ਪ੍ਰਬੰਧਨ ਨੇ ਸਰਕੂਲਰ ਜਾਰੀ ਕਰ ਕੇ ਵਿਭਾਗਾਂ ਦੇ ਚੇਅਰਪਰਸਨਾਂ ਤੇ ਹੋਸਟਲ ਵਾਰਡਨਾਂ ਨੂੰ ਨਿਰਦੇਸ਼ ਜਾਰੀ ਕੀਤੇ ਹਨ ਕਿ ਉਹ ਮੁਲਾਜ਼ਮਾਂ ਅਤੇ ਵਿਦਿਆਰਥੀਆਂ ਨੂੰ ਪਛਾਣ ਕਾਰਡ ਪਾਉਣ ਲਈ ਕਹਿਣ। ਕੈਂਪਸ ਵਿਚ ਸ਼ਰਾਰਤੀ ਅਤੇ ਬਾਹਰੀ ਅਨਸਰ ਵੱਧਦੇ ਦੇਖ ਨੋਟਿਸ ਲਿਆ ਗਿਆ। ਜਿਸ ਨੂੰ ਰੋਕਣ ਲਈ ਵਿਦਿਆਰਥੀਆਂ ਅਤੇ ਸਟਾਫ਼ ਨੂੰ ਸਾਰਾ ਦਿਨ ਪਛਾਣ ਕਾਰਡ ਪਹਿਨਣੇ ਜ਼ਰੂਰੀ ਹਨ। ਵਿਦਿਆਰਥੀਆਂ ਅਤੇ ਸਟਾਫ਼ ਦੀ ਆਸਾਨੀ ਨਾਲ ਪਛਾਣ ਕਾਰਡ ਨਾਲ ਹੋ ਸਕੇਗੀ। ਜ਼ਿਕਰਯੋਗ ਹੈ ਕਿ ਪਹਿਲਾਂ ਵੀ ਵੂ ਪ੍ਰਬੰਧਨ ਨੇ ਕਈ ਬਾਰ ਬਾਹਰੀ ਲੋਕਾਂ ਦੇ ਦਾਖ਼ਲਾ ਕਰਦੇ ਸਮੇਂ ਜਾਂਚ ਨੂੰ ਲੈ ਕੇ ਡਿਊਟੀ ਲਗਾਈ ਸੀ, ਪਰ ਹਰ ਗੱਡੀ ਅਤੇ ਵਿਦਿਆਰਥੀ ਦੀ ਚੈਕਿੰਗ ਕਰਨਾ ਸੁਰੱਖਿਆ ਮੁਲਾਜ਼ਮਾਂ ਲਈ ਸੰਭਵ ਨਹੀ ਹੈ। ਜਾਂਚ ਸਮੇਂ ਗੇਟਾਂ 'ਤੇ ਲੰਬੀਆਂ-ਲੰਬੀਆਂ ਲਾਈਨਾਂ ਲੱਗ ਜਾਂਦੀਆਂ ਹਨ। ਇਹੀ ਨਹੀਂ ਕਈ ਵਾਰ ਵਿਅਕਤੀ ਪ੍ਰਬੰਧਨ ਦੇ ਹੀ ਅਧਿਕਾਰੀ, ਦੋਸਤਾਂ ਜਾ ਰੁਤਬਾ-ਰੋਹਬ ਦਿਖਾ ਕੇ ਦਾਖ਼ਲ ਹੋ ਜਾਂਦੇ ਹਨ। ਅਜਿਹੇ ਵਿਚ ਸੁਰੱਖਿਆ ਮੁਲਾਜ਼ਮਾਂ ਅਤੇ ਲੋਕਾਂ ਦੇ ਵਿਚ ਵਿਵਾਦ ਹੋ ਜਾਂਦਾ ਸੀ। ਪੰਜਾਬ ਯੂਨੀਵਰਸਿਟੀ ਸਟਾਫ਼ ਲਈ ਸਮਾਰਟ ਪਛਾਣ ਕਾਰਡ ਬਣਾਉਣ ਲਈ ਡਾਟਾ ਮੰਗਿਆ ਗਿਆ ਹੈ। ਸਮਾਰਟ ਪਛਾਣ ਕਾਰਡ ਵਿਚ ਸਟਾਫ ਦੀ ਸਾਰੀ ਜਾਣਕਾਰੀ ਮੌਜੂਦ ਰਹੇਗੀ।

## ਪੰਜਾਬ ਯੂਥ ਸਪੋਰਟਸ ਐਂਡ ਕਲਚਰ ਕਲੱਬ ਮਾਨਤੋਵਾ ਵੱਲੋਂ 5 ਮਈ ਨੂੰ ਹੋਵੇਗਾ ਕਬੱਡੀ ਕੱਪ -ਜੀਤਾ ਬਿਲਗਾ



ਰੋਮ(ਇਟਲੀ) (ਟੇਕਚੰਦ ਜਗਤਪੁਰ) : ਇਟਲੀ ਵਿੱਚ ਦੋ ਦਹਾਕਿਆਂ ਤੋਂ ਪੰਜਾਬੀਆਂ ਦੀ ਮਹਿਬੂਬ ਖੇਡ ਕਬੱਡੀ ਨੂੰ ਪ੍ਰਫੁੱਲਿਤ ਕਰਨ ਹਿੱਤ ਮੋਹਰੀ ਭੂਮਿਕਾ ਨਿਭਾਉਣ ਵਾਲੀ ਇਟਲੀ ਦੇ ਜ਼ਿਲ੍ਹਾ ਮਾਨਤੋਵਾ ਵਿੱਚ ਪੰਜਾਬ ਯੂਥ ਸਪੋਰਟਸ ਐਂਡ ਕਲਚਰ ਕਲੱਬ ਮਾਨਤੋਵਾ ਦੇ ਬੈਨਰ ਹੇਠ ਬਣੀ ਕਲੱਬ ਵੱਲੋਂ 5 ਮਈ ਦਿਨ ਐਤਵਾਰ ਨੂੰ ਵਿਸ਼ਾਲ ਕਬੱਡੀ ਕੱਪ (ਮਾਨਤੋਵਾ) ਨੇੜੇ ਸਟੇਡੀਅਮ ਵਿਖੇ ਸਮੂੰਹ ਖੇਡ ਪ੍ਰੇਮੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਕਬੱਡੀ ਦੇ ਫਸਵੇਂ ਮੈਚ ਖੇਡ ਪ੍ਰੇਮੀਆਂ ਨੂੰ ਵੇਖਣ ਨੂੰ ਮਿਲਣਗੇ। ਪ੍ਰੈੱਸ ਨਾਲ ਗੱਲਬਾਤ ਕਰਦਿਆਂ ਖੇਡ ਪ੍ਰਮੋਟਰ ਜੀਤਾ ਬਿਲਗਾ ਨੇ ਦੱਸਿਆ ਕਿ ਕਬੱਡੀ ਦੇ ਨਾਲ-ਨਾਲ ਬੱਚਿਆ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਵੱਖ -ਵੱਖ ਵਰਗ ਉਮਰ ਦੇ ਬੱਚਿਆਂ ਦੀਆਂ ਦੌੜਾਂ ਵੀ ਕਰਵਾਈਆ ਜਾਣਗੀਆਂ। ਕਲੱਬ ਮੈਂਬਰ ਨੇ ਦੱਸਿਆ ਕਿ ਇਹ ਕਬੱਡੀ ਕੱਪ ਹੋਣ ਨਾਲ ਇਟਲੀ 'ਚ ਹੋਣ ਵਾਲੇ ਇਸ ਸੀਜਨ ਦੇ ਖੇਡ ਮੇਲਿਆਂ ਦਾ ਸੁਭ-ਆਰੰਭ ਹੋਵੇਗਾ।

GTA
Plumbing & Electrical Supplies
GTA Plumbling & Electrical Supplies



ONE STOP SHOP FOR ALL PLUMBING & ELECTRICAL SUPPLIES

* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250

* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more

Moen, American Standard Pfister, Faucets, ABS, Copper and all type of fitting

905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.

Business Loan
Credit Line
Truck/Taxi Loan
New Immigrant Package

416-366-1234



Jaswinder Khosa
416-894-9400

1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ

ਹਰਬਲ ਵਿਆਗਰਾ:-ਮਰਦਾਨਾ ਤਾਕਤ
ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ




ਨਸ਼ਾ ਛੁਡਾਓ
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ

ਔਰਤਾਂ ਤੇ ਮਰਦਾਂ ਦੇ
ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।

ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ,
ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ
ਦੀਆਂ ਦਰਦਾਂ ਦਾ ਸਫ਼ਲ ਇਲਾਜ



ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ਪਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ
ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ

PH: 416-425-0138
514-632-0138

ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ

ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ

ਨੋਟ: ਸਾਰੇ ਇਲਾਜ ਦੇਸੀ ਜੜ੍ਹੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ

Solve Your Life Problems with Easy Opay & Lucky Stone, Book and Appointment Today!

ਪੰਜਾਬ ਸਟਾਰ
www.punjabstar.com

# ਨਾਰੀਅਲ ਪਾਣੀ ਦੇ ਫਾਇਦੇ



ਗਰਮੀਆਂ ਜ਼ੋਰਾਂ 'ਤੇ ਹਨ, ਇਸ ਲਈ ਆਪਣੀ ਖੁਰਾਕ ਵਿੱਚ ਵੱਧ ਤੋਂ ਵੱਧ ਤਰਲ ਪਦਾਰਥ ਸ਼ਾਮਲ ਕਰੋ। ਕਿਉਂਕਿ ਗਰਮੀ ਦੇ ਮੌਸਮ 'ਚ ਸਰੀਰ 'ਚ ਪਾਣੀ ਦੀ ਕਮੀ ਹੋਣਾ ਆਮ ਗੱਲ ਹੈ। ਪਰ ਸਰੀਰ ਵਿੱਚ ਵਾਰ-ਵਾਰ ਪਾਣੀ ਦੀ ਕਮੀ ਹੋਣ ਨਾਲ ਸਰੀਰ ਕਮਜ਼ੋਰ ਹੋਣ ਲੱਗਦਾ ਹੈ। ਇਸ ਮੌਸਮ 'ਚ ਸਰੀਰ 'ਚੋਂ ਪਸੀਨੇ ਰਾਹੀਂ ਪਾਣੀ ਬਾਹਰ ਨਿਕਲਦਾ ਹੈ। ਇਸ ਲਈ ਸਰੀਰ 'ਚ ਪਾਣੀ ਦੀ ਕਮੀ ਨੂੰ ਦੂਰ ਕਰਨ ਲਈ ਤੁਸੀਂ ਆਪਣੀ ਡਾਈਟ 'ਚ ਨਾਰੀਅਲ ਪਾਣੀ ਨੂੰ ਸ਼ਾਮਲ ਕਰ ਸਕਦੇ ਹੋ।

ਨਾਰੀਅਲ ਪਾਣੀ ਦਾ ਸੇਵਨ ਸਿਹਤ ਲਈ ਫਾਇਦੇਮੰਦ ਮੰਨਿਆ ਜਾਂਦਾ ਹੈ। ਨਾਰੀਅਲ ਦੇ ਪਾਣੀ ਵਿੱਚ ਕਈ ਮਹੱਤਵਪੂਰਨ ਪੌਸ਼ਟਿਕ ਤੱਤ ਪਾਏ ਜਾਂਦੇ ਹਨ ਜਿਵੇਂ ਕਿ ਐਂਟੀਆਕਸੀਡੈਂਟ, ਅਮੀਨੋ ਐਸਿਡ, ਐਨਜ਼ਾਈਮ, ਵਿਟਾਮਿਨ ਸੀ ਆਦਿ। ਰੋਜ਼ਾਨਾ ਸਵੇਰੇ ਖਾਲੀ ਪੇਟ ਨਾਰੀਅਲ ਪਾਣੀ ਪੀਣ ਨਾਲ ਸਰੀਰ ਨੂੰ ਕਈ ਫਾਇਦੇ ਮਿਲ ਸਕਦੇ ਹਨ। ਤਾਂ ਆਓ ਬਿਨਾਂ ਕਿਸੇ ਦੇਰੀ ਦੇ ਜਾਣੀਏ ਨਾਰੀਅਲ ਪਾਣੀ ਪੀਣ ਦੇ ਫਾਇਦੇ।

**ਨਾਰੀਅਲ ਪਾਣੀ ਪੀਣ ਦੇ ਫਾਇਦੇ**

**ਭਾਰ ਘਟਾਉਣ ਲਈ—** ਨਾਰੀਅਲ ਪਾਣੀ ਪੀਣ ਨਾਲ ਸਰੀਰ ਨੂੰ ਸਾਰੇ ਜ਼ਰੂਰੀ ਤੱਤ ਮਿਲ ਜਾਂਦੇ ਹਨ। ਨਾਲ ਹੀ ਇਸ ਨੂੰ ਪੀਣ ਨਾਲ ਪੇਟ ਲੰਬੇ ਸਮੇਂ ਤੱਕ ਭਰਿਆ ਰਹਿੰਦਾ ਹੈ, ਜਿਸ ਨਾਲ ਜ਼ਿਆਦਾ ਖਾਣ ਤੋਂ ਬਚਿਆ ਜਾ ਸਕਦਾ ਹੈ ਅਤੇ ਭਾਰ ਵੀ ਘੱਟ ਹੋ ਸਕਦਾ ਹੈ।

**ਡਾਇਬਟੀਜ਼ —** ਸ਼ੂਗਰ ਦੇ ਰੋਗੀਆਂ ਲਈ ਨਾਰੀਅਲ ਪਾਣੀ ਦਾ ਸੇਵਨ ਫਾਇਦੇਮੰਦ ਹੁੰਦਾ ਹੈ। ਦਰਅਸਲ, ਸ਼ੂਗਰ ਦੀ ਸਮੱਸਿਆ ਇਨਸੁਲਿਨ ਦੀ ਕਮੀ ਕਾਰਨ ਹੁੰਦੀ ਹੈ।

**ਊਰਜਾ—** ਜੇਕਰ ਤੁਸੀਂ ਥਕਾਵਟ ਮਹਿਸੂਸ ਕਰਦੇ ਹੋ ਤਾਂ ਰੋਜ਼ ਸਵੇਰੇ ਨਾਰੀਅਲ ਪਾਣੀ ਪੀਓ। ਇਸ ਨਾਲ ਥਕਾਵਟ ਅਤੇ ਕਮਜ਼ੋਰੀ ਦੀ ਸਮੱਸਿਆ ਨੂੰ ਦੂਰ ਕੀਤਾ ਜਾ ਸਕਦਾ ਹੈ।

**ਸਿਰਦਰਦ—** ਤੇਜ਼ ਧੁੱਪ ਅਤੇ ਗਰਮੀ ਕਾਰਨ ਕਈ ਲੋਕਾਂ ਨੂੰ ਅਚਾਨਕ ਸਿਰਦਰਦ ਸ਼ੁਰੂ ਹੋ ਜਾਂਦਾ ਹੈ ਜਾਂ ਇਹ ਦਰਦ ਬਾਹਰੋਂ ਵਾਪਸ ਆਉਣ 'ਤੇ ਹੁੰਦਾ ਹੈ। ਇਸ ਦਾ ਕਾਰਨ ਡੀਹਾਈਡ੍ਰੇਸ਼ਨ ਵੀ ਹੋ ਸਕਦਾ ਹੈ। ਜੇਕਰ ਤੁਹਾਨੂੰ ਵੀ ਅਜਿਹੀ ਸਮੱਸਿਆ ਹੈ ਤਾਂ ਤੁਸੀਂ ਨਾਰੀਅਲ ਪਾਣੀ ਦਾ ਸੇਵਨ ਕਰ ਸਕਦੇ ਹੋ। ਇਸ ਨਾਲ ਤੁਹਾਨੂੰ ਰਾਹਤ ਮਿਲ ਸਕਦੀ ਹੈ।

# ਗਰਮੀਆਂ 'ਚ ਰੋਜ਼ਾਨਾ ਕਿੰਨਾ ਲੀਟਰ ਪਾਣੀ ਤੁਹਾਨੂੰ ਰੱਖੇਗਾ ਫਿੱਟ?



ਇਨ੍ਹੀਂ ਦਿਨੀਂ ਗਰਮੀ ਨੂੰ ਦੇਖਦੇ ਹੋਏ ਸਿਹਤ ਮਾਹਿਰ ਲੋਕਾਂ ਨੂੰ ਵੱਧ ਤੋਂ ਵੱਧ ਪਾਣੀ ਪੀਣ ਦੀ ਸਲਾਹ ਦੇ ਰਹੇ ਹਨ। ਜਦੋਂ ਜ਼ਿਆਦਾ ਪਾਣੀ ਪੀਣ ਦੀ ਗੱਲ ਆਉਂਦੀ ਹੈ, ਤਾਂ ਬਹੁਤ ਸਾਰੇ ਮਾਹਰ ਕਹਿੰਦੇ ਹਨ ਕਿ ਇੱਕ ਆਮ ਵਿਅਕਤੀ ਨੂੰ ਰੋਜ਼ਾਨਾ 2 ਤੋਂ 2.5 ਲੀਟਰ ਪਾਣੀ ਪੀਣਾ ਚਾਹੀਦਾ ਹੈ। ਗਰਮੀਆਂ ਵਿੱਚ ਸਰੀਰ ਵਿੱਚੋਂ ਬਹੁਤ ਸਾਰਾ ਪਸੀਨਾ ਪਸੀਨੇ ਦੇ ਰੂਪ ਵਿੱਚ ਬਾਹਰ ਨਿਕਲਦਾ ਹੈ। ਅਜਿਹੀ ਸਥਿਤੀ ਵਿੱਚ, ਪਾਣੀ ਦੀ ਖਪਤ ਦੀ ਮਾਤਰਾ ਨੂੰ ਵਧਾਉਣਾ ਚਾਹੀਦਾ ਹੈ। ਹਾਰਵਰਡ ਮੈਡੀਕਲ ਸਕੂਲ (ਹਾਰਵਰਡ ਯੂਨੀਵਰਸਿਟੀ) ਦੇ ਡਾਕਟਰਾਂ ਨੇ ਪੀਣ ਵਾਲੇ ਪਾਣੀ ਦੀ ਮਾਤਰਾ ਬਾਰੇ ਆਪਣੀ ਰਾਏ ਦਿੱਤੀ ਹੈ। ਹਾਰਵਰਡ ਹੈਲਥ (ਹਾਰਵਰਡ ਮੈਡੀਕਲ ਸਕੂਲ) ਕਹਿੰਦਾ ਹੈ ਕਿ ਇੱਕ ਆਮ ਆਦਮੀ ਨੂੰ ਰੋਜ਼ਾਨਾ 4 ਲੀਟਰ ਪਾਣੀ ਪੀਣਾ ਚਾਹੀਦਾ ਹੈ। ਜਦੋਂ ਕਿ ਇੱਕ ਆਮ ਮਹਿਲਾ ਨੂੰ ਦਿਨ ਵਿੱਚ 3 ਲੀਟਰ ਪਾਣੀ ਪੀਣਾ ਚਾਹੀਦਾ ਹੈ। ਹਾਲਾਂਕਿ, ਇਸ ਵਿੱਚ ਕੁਝ ਸ਼ਰਤਾਂ ਵੀ ਹਨ। ਰੋਜ਼ਾਨਾ 3 ਜਾਂ 4 ਲੀਟਰ ਪਾਣੀ ਪੀਣ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਸਿਰਫ ਇੰਨਾ ਹੀ ਪਾਣੀ ਪੀਣਾ ਚਾਹੀਦਾ ਹੈ। ਜੇਕਰ ਤੁਸੀਂ ਮੌਸਮੀ ਫਲ, ਸਬਜ਼ੀਆਂ, ਜੂਸ, ਚਾਹ-ਕੌਫੀ ਆਦਿ ਅਜਿਹੀਆਂ ਚੀਜ਼ਾਂ ਪੀਂਦੇ ਹੋ ਜਿਨ੍ਹਾਂ ਵਿੱਚ ਪਾਣੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਤਾਂ ਉਹ ਪਾਣੀ ਵੀ ਕੁੱਲ ਸੇਵਨ ਵਾਲੇ ਪਾਣੀ ਵਿੱਚ ਮੰਨਿਆ ਜਾਵੇਗਾ। ਇਸ ਦਾ ਮਤਲਬ ਹੈ ਕਿ ਜੇਕਰ ਤੁਸੀਂ ਇਨ੍ਹਾਂ ਚੀਜ਼ਾਂ ਦਾ ਜ਼ਿਆਦਾ ਸੇਵਨ ਕਰਦੇ ਹੋ ਤਾਂ ਤੁਸੀਂ ਸਾਦੇ ਪਾਣੀ ਦੀ ਮਾਤਰਾ ਵੀ ਘੱਟ ਕਰ ਸਕਦੇ ਹੋ। ਪਰ ਜੋ ਵੀ ਹੋਵੇ, ਰੋਜ਼ਾਨਾ ਪੀਣ ਵਾਲੇ ਪਾਣੀ ਦੀ ਮਾਤਰਾ 2 ਲੀਟਰ ਤੋਂ ਘੱਟ ਨਹੀਂ ਹੋਣੀ ਚਾਹੀਦੀ। ਹਾਰਵਰਡ ਦੇ ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਪਾਣੀ ਪੀਣ ਨਾਲ ਨਾ ਸਿਰਫ਼ ਪਿਆਸ ਬੁਝਦੀ ਹੈ ਸਗੋਂ ਸਰੀਰ ਨੂੰ ਵੀ ਫਿੱਟ ਰੱਖਿਆ ਜਾਂਦਾ ਹੈ।

# ਚੁਣੌਤੀ ਤੋਂ ਘੱਟ ਨਹੀਂ ਹੈ-ਪਾਰਕਿੰਸਨ ਰੋਗ



"ਪਾਰਕਿੰਸਨ ਦਾ ਸਾਹਮਣਾ ਕਰਨ ਵਾਲੇ ਸੈਕਸ-ਰਿਸ਼ਤੇ, ਕੰਮ ਕਰਨ 'ਚ ਦਿੱਕਤ, ਬੋਲਣ 'ਚ ਮੁਸ਼ਕਲ, ਨੀਂਦ, ਮਾਨਸਿਕ-ਸਰੀਰਕ ਗਤੀਵਿਧੀ, ਕੁੱਝ ਵੀ ਕਰਨ ਦਾ ਹੌਂਸਲਾ ਘੱਟ ਜਾਣ ਨਾਲ ਆਪਣੇ-ਆਪ ਨੂੰ ਇੱਕਲਾ ਮਹਿਸੂਸ ਕਰਦੇ ਹਨ। ਕਈ ਬਾਰ ਪਰਿਵਾਰ ਵਾਲੇ ਅਤੇ ਦੋਸਤ-ਮਿੱਤਰ ਵੀ ਦੂਰ ਹੋ ਜਾਂਦੇ ਹਨ"- ਅਨਿਲ ਧੀਰ, ਕਾਲਮਨਿਸਟ, ਥੈਰਾਪਿਸਟ, ਹੈਲਥ ਐਜੂਕੇਟਰ ਅਵਾਰਡ ਵਿਜੇਤਾ, ਸੋਸ਼ਲ ਐਕਟੀਵਿਸਟ

**ਹੈਲਥ ਮੀਡੀਆ ਕੈਨੇਡਾ:** ਵਿਸ਼ਵ ਭਰ 'ਚ ਅਪ੍ਰੈਲ 2024 ਦਾ ਮਹੀਨਾ ਲੋਕਾਂ ਨੂੰ ਪਾਰਕਿੰਸਨਸ ਰੋਗ ਬਾਰੇ ਜਾਗਰੂਕ ਕਰਕੇ ਮਨਾਇਆ ਗਿਆ। ਹਰ ਸਾਲ ਰੋਗੀਆਂ ਦਾ ਅੰਕੜਾ ਵੱਧਦਾ ਹੀ ਜਾ ਰਿਹਾ ਹੈ। ਪਾਰਕਿੰਸਨਸ ਪਾਰਕਿੰਸਨਸ ਇੱਕ ਦਿਮਾਗੀ ਬਿਮਾਰੀ ਹੈ, ਜੋ ਰੋਗੀ ਨੂੰ ਵੱਖ-ਵੱਖ ਕਿਸਮ ਦਾ ਅਨੁਭਵ ਦਿੰਦੀ ਹੈ। ਪਾਰਕਿੰਸਨਸ ਦਾ ਸਾਹਮਣਾ ਕਰਨ ਵਾਲੇ ਸੈਕਸ-ਰਿਸ਼ਤੇ, ਕੰਮ ਕਰਨ 'ਚ ਦਿੱਕਤ, ਨੀਂਦ, ਮਾਨਸਿਕ-ਸਰੀਰਕ ਗਤੀਵਿਧੀ, ਕੁੱਝ ਵੀ ਕਰਨ ਦਾ ਹੌਸਲਾ ਘੱਟ ਜਾਣ ਨਾਲ ਆਪਣੇ-ਆਪ ਨੂੰ ਇੱਕਲਾ ਮਹਿਸੂਸ ਕਰਦੇ ਹਨ। ਰੋਗੀਆਂ 'ਚ ਆਮ ਲੱਛਣ ਜਿਵੇਂ ਸਰੀਰ ਦਾ ਕੰਬਣਾ, ਮੁਸ਼ਕਲ ਨਾਲ ਬੋਲਣਾ, ਅਤੇ ਦਰਦਨਾਕ ਮਾਸਪੇਸ਼ੀਆਂ ਦਾ ਸੁੰਗੜਨਾ ਦੇਖਣ ਨੂੰ ਮਿਲ ਰਹੇ ਹਨ।

ਵਿਸ਼ਵ ਪੱਧਰ 'ਤੇ ਕਈ ਮਿਲੀਅਨ ਰੋਗੀ ਬਿਮਾਰੀ ਦੌਰਾਣ ਪੂਰਾ ਧਿਆਣ ਨਾ ਦੇਣ ਅਤੇ ਲਾਪ੍ਰਵਾਹੀ ਕਾਰਨ ਮੌਤਾਂ ਦਾ ਅੰਕੜਾ ਤੇਜ਼ੀ ਨਾਲ ਵੱਧ ਰਿਹਾ ਹੈ। ਬਜ਼ੁਰਗਾਂ ਦੇ ਨਾਲ-ਨਾਲ ਘੱਟ ਉਮਰ ਦੇ ਲੋਕ ਵੀ ਬਿਮਾਰੀ ਦੇ ਸ਼ਿਕਾਰ ਹੋ ਰਹੇ ਹਨ। ਬਿਮਾਰੀ ਦਾ ਕਾਰਨ ਪੂਰਾ ਕਲੀਅਰ ਨਹੀਂ ਹੈ। ਫੈਮਿਲੀ 'ਚ ਕੋਈ ਰੋਗੀ ਹੋਣ ਨਾਲ ਯਾਨਿ ਫੈਮਿਲੀ ਹਿਸਟਰੀ ਨਾਲ ਖਤਰਾ ਵੱਧ ਸਕਦਾ ਹੈ। ਹਵਾ ਪ੍ਰਦੂਸ਼ਨ, ਅਤੇ ਕੀਟਨਾਸ਼ਕਾਂ ਘੋਲ ਦੇ ਸੰਪਰਕ 'ਚ ਰਹਿਣ ਵਾਲੇ ਘੇਰੇ 'ਚ ਆ ਸਕਦੇ ਹਨ।



**Anil Dheer**
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)

**ਪਾਰਕਿੰਸਨਸ ਰੋਗ ਦੌਰਾਣ ਖਿਆਲ ਰੱਖੋ:**

* ਪ੍ਰਾਪਰ ਕਾਉਂਸਲਿੰਗ, ਥੈਰੇਪੀ ਅਤੇ ਦਵਾਈਆਂ ਲਈ ਆਪਣੇ ਫੈਮਿਲੀ ਡਾਕਟਰ ਦੇ ਸੰਪਰਕ 'ਚ ਰਹਿਣਾ ਜ਼ਿਆਦਾ ਜਰੂਰੀ ਹੋ ਜਾਂਦਾ ਹੈ।
* ਸਰੀਰਕ-ਮਾਨਸਿਕ ਸੰਤੁਲਨ ਬਣਾ ਕੇ ਰੱਖਣ ਲਈ ਫੀਜ਼ੀਓ ਮਾਹਿਰ ਦੁਆਰਾ ਦੱਸੀਆਂ ਐਕਸਰਸਾਈਜ਼, ਐਰੋਬਿਕ ਕਸਰਤਾਂ, ਮੈਡੀਟੇਸ਼ਨ, ਯੋਗਾ ਅਤੇ ਪੌਸ਼ਟਿਕ ਖੁਰਾਕ 'ਤੇ ਧਿਆਣ ਦੇਣ ਦੀ ਲੋੜ ਹੁੰਦੀ ਹੈ।
* ਇਸ ਬਿਮਾਰੀ ਦੇ ਨਤੀਜੇ ਵੱਜੋਂ ਰੋਗੀ ਡਿਮੇਨਸ਼ੀਆ ਦੇ ਸ਼ਿਕਾਰ ਵੀ ਹੋ ਜਾਂਦੇ ਹਨ। ਔਰਤਾਂ ਨਾਲੋਂ ਮਰਦ ਜ਼ਿਆਦਾ ਸ਼ਿਕਾਰ ਹੋ ਰਹੇ ਹਨ।
* ਕੈਫੀਨ ਦੀ ਵਰਤੋਂ ਘੱਟ ਕਰਨ ਵਾਲੇ ਕੁੱਝ ਹੱਦ ਤੱਕ ਆਪਣੇ-ਆਪ ਨੂੰ ਇਸ ਤੋਂ ਦੂਰ ਰੱਖ ਸਕਦੇ ਹਨ।
* ਰੂਟੀਨ 'ਚ ਸੰਤੁਲਿਤ ਪੌਸ਼ਟਿਕ ਖੁਰਾਕ ਯਾਨਿ ਮੌਸਮੀ ਤਾਜ਼ੇ ਫੱਲ-ਸਬਜ਼ੀਆਂ, ਘੱਟ ਪ੍ਰੋਟੀਨ, ਬੀਨਜ਼, ਸਾਬਤ ਅਨਾਜ ਨੂੰ ਸ਼ਾਮਲ ਕਰਨ ਨਾਲ ਬਿਮਾਰੀ ਦੇ ਲੱਛਣਾਂ ਨਾਲ ਲੜਨ ਲਈ ਤਾਕਤ ਮਿਲਦੀ ਹੈ।
* ਇਲਾਜ਼ ਦੌਰਾਣ ਦਵਾਈਆਂ ਨਾਲ ਡੀਹਾਈਡ੍ਰੇਸ਼ਨ ਤੋਂ ਬਚਣ ਲਈ ਪਾਣੀ, ਸੂਪ, ਅਤੇ ਤਾਜ਼ੇ ਫੱਲ-ਸਬਜ਼ੀਆਂ ਦਾ ਜੂਸ ਜ਼ਿਆਦਾ ਪੀਓ।
* ਆਮ ਦਵਾਈ ਕਾਰਬਿਡੋਪਾ-ਲੇਵੋਡੋਪਾ ਰੋਗੀ ਦੀ ਛੋਟੀ ਅੰਤੜੀ 'ਚ ਲੀਨ ਹੋ ਜਾਂਦੀ ਹੈ ਜੇਕਰ ਤੁਸੀਂ ਉੱਚ ਪ੍ਰੋਟੀਨ ਵਾਲੀ ਖੁਰਾਕ ਤੋਂ ਥੋੜੀ ਦੇਰ ਬਾਅਦ ਆਪਣੀ ਦਵਾਈ ਲੈਂਦੇ ਹੋ ਤਾਂ ਇਹ ਸਮਾਈ 'ਚ ਵਿਘਨ ਪੈ ਸਕਦਾ ਹੈ, ਕਿਉਂਕਿ ਉਹੀ ਪ੍ਰਕਿਰਿਆ ਸ਼ਾਮਲ ਹੁੰਦੀ ਹੈ। ਦਵਾਈ ਦੇ ਅਸਰ ਨੂੰ ਵੱਧ ਤੋਂ ਵੱਧ ਕਰਨ 'ਚ ਮਦਦ ਦੇ ਲਈ, ਦਿਨ ਦੇ ਹੋਰ ਸਮੇਂ 'ਚ ਉੱਚ ਪ੍ਰੋਟੀਨ ਵਾਲੀ ਖੁਰਾਕ ਲਵੋ। ਜੇਕਰ ਤੁਸੀਂ ਸਵੇਰੇ ਦਵਾਈ ਲੈਂਦੇ ਹੋ ਤਾਂ ਨਾਸ਼ਤੇ 'ਚ ਉੱਚ ਪ੍ਰੋਟੀਨ ਵਾਲੇ ਅੰਡੇ ਦੀ ਥਾਂ ਓਟਮੀਲ ਖਾਓ। ਬਾਅਦ 'ਚ ਦਿਨ ਵਿੱਚ ਆਪਣੇ ਪ੍ਰੋਟੀਨ ਦੀ ਨੂੰ ਬਚਾਇਆ ਜਾ ਸਕਦਾ ਹੈ।

**ਨੋਟ:** ਪਾਰਕਿੰਸਨਸ ਰੋਗ ਨਾਲ ਜੀਅ ਰਹੇ ਲੋਕਾਂ ਨੂੰ ਤੁਹਾਡੇ ਵਿਸ਼ਵਾਸ, ਆਸ਼ਾਵਾਦ, ਫੈਮਿਲੀ ਅਤੇ ਦੋਸਤਾਂ ਦੇ ਲਗਾਤਾਰ ਸਮਰਥਨ, ਦੀ ਲੋੜ ਹੈ। ਪੀੜਤ ਮਹਿਸੂਸ ਕਰਨ ਕਿ ਉਹ ਇੱਕਲੇ ਨਹੀਂ ਹਨ। ਕਿਉਂਕਿ ਹਰ ਆਦਮੀ ਤੰਦਰੁਸਤ ਜ਼ਿੰਦਗੀ ਜਿਉਣਾ ਚਾਹੁੰਦਾ ਹੈ।
















# ਲਿੰਗਕ ਹਿੰਸਾ, ਜਬਰ ਜਨਾਹ ਸਮਾਜ 'ਤੇ ਕਲੰਕ



ਡਾ. ਅਰਵਿੰਦਰ ਕੌਰ ਕਾਕੜਾ
94636-15536

ਸਾਡਾ ਸਮਾਜ ਜਮਾਤੀ ਹੈ ਜਿਸ ਵਿੱਚ ਅਮੀਰੀ ਗ਼ਰੀਬੀ ਤੇ ਜਾਤ ਪਾਤ ਦਾ ਕੋਹੜ ਤਾਂ ਹੈ ਹੀ. ਨਾਲ ਹੀ ਪਿਤਰਕੀ ਸੋਚ ਵੀ ਗਹਿਰੇ ਰੂਪ ਵਿੱਚ ਸਮਾਜ ਵਿੱਚ ਆਪਣੀਆਂ ਜੜ੍ਹਾਂ ਜਮਾਈ ਬੈਠੀ ਹੈ, ਜਿਸ ਕਾਰਨ ਔਰਤ ਨੂੰ ਮਰਦ ਦੇ ਮੁਕਾਬਲੇ ਦੂਜਾ ਦਰਜਾ ਦਿੱਤਾ ਗਿਆ ਹੈ। ਔਰਤਾਂ ਦੇ ਦਮਨ ਅਤੇ ਵਿਤਕਰੇ ਨੂੰ ਰੋਜ਼ਮਰਾ ਦੀ ਜ਼ਿੰਦਗੀ ਵਿੱਚੋਂ ਪਹਿਚਾਣਿਆ ਜਾ ਸਕਦਾ ਹੈ, ਜਿਸਦੇ ਅਨੇਕਾਂ ਡਿਮੈਨਸ਼ਨ ਇਸ ਪਿਤਰਕੀ ਸੱਤਾ ਦੀ ਪੈਦਾਵਾਰ ਹਨ। ਔਰਤ ਨੂੰ ਬੌਧਿਕ ਤੌਰ 'ਤੇ ਮਰਦ ਬਰਾਬਰ ਨਹੀਂ ਸਮਝਿਆ ਜਾਂਦਾ। ਪਿਤਰਕੀ ਮੁੱਲ, ਰੀਤਾਂ ਅਨੁਸਾਰ ਘੜੇ ਸੰਸਕਾਰਾਂ ਨੇ ਮਰਦ ਨੂੰ ਮਨੁੱਖ ਹੋਣ ਦਾ ਗੌਰਵ ਪ੍ਰਦਾਨ ਕੀਤਾ ਹੈ ਪਰ ਔਰਤ ਨੂੰ ਦੂਜੈਲਾ ਸਥਾਨ ਤਕ ਸੀਮਤ ਕਰ ਦਿੰਦਾ ਹੈ। ਔਰਤ ਮਰਦ ਇੱਕ ਦੂਜੇ ਦੇ ਪੂਰਕ ਹੁੰਦੇ ਹੋਏ ਸਮਾਜ ਦੇ ਵਿਕਾਸ ਵਿੱਚ ਬਰਾਬਰ ਦਾ ਯੋਗਦਾਨ ਪਾ ਰਹੇ ਹਨ। ਸੰਵਿਧਾਨਕ ਤੌਰ 'ਤੇ ਤਾਂ ਭਾਵੇਂ ਔਰਤ ਨੂੰ ਕਈ ਹੱਕ ਪ੍ਰਾਪਤ ਹਨ ਪਰ ਅਸਲ ਵਿੱਚ ਸਥਿਤੀ ਕੁਝ ਹੋਰ ਹੈ। ਘਰ ਤੋਂ ਸ਼ੁਰੂ ਹੋ ਕੇ ਪੜ੍ਹਾਈ, ਨੌਕਰੀ ਅਤੇ ਸਮਾਜ ਵਿੱਚ ਉਸ ਆਰਥਿਕ, ਸਰੀਰਕ ਅਤੇ ਮਾਨਸਿਕ ਤੇ ਲਿੰਗਿੰਕ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਅੱਜ ਸਥਿਤੀ ਇਹ ਹੈ ਕਿ ਔਰਤਾਂ/ਕੁੜੀਆਂ ਨਾਲ ਹੋ ਰਹੀਆਂ ਜਿਸਮਾਨੀ/ਲਿੰਗਕ, ਜਬਰ ਜਨਾਹ ਦੀਆਂ ਘਟਨਾਵਾਂ ਰੁਕਣ ਦਾ ਨਾਂ ਹੀ ਨਹੀ ਲੈ ਰਹੀਆਂ। ਜਦੋਂ ਕੋਈ ਘਿਨਾਉਣੀ ਘਟਨਾ ਸੁਰਖ਼ੀਆਂ ਵਿੱਚ ਆਉਂਦੀ ਹੈ ਤਾਂ ਲੋਕਾਂ ਅੰਦਰ ਇਸ ਗੁੰਡਾਗਰਦੀ ਵਿਰੁੱਧ ਰੋਹ ਭੜਕਦਾ ਹੈ। ਇਹ ਗੁੱਸਾ ਕਈ ਪੱਖੋਂ ਵੇਖਿਆ ਜਾਂਦਾ ਹੈ। ਮੁਜਰਮਾਂ ਨੂੰ ਸਜ਼ਾਵਾਂ ਦਿਵਾਉਣ ਦੇ ਲਈ ਆਵਾਜ਼ ਵੀ ਉਚੀ ਸੁਰ ਵਿੱਚ ਸੁਣੀ ਜਾਂਦੀ ਹੈ। ਅਜਿਹੀਆਂ ਦਿਲ ਕੰਬਾਊ ਘਟਨਾਵਾਂ ਸੰਵੇਦਨਸ਼ੀਲ ਮਨੁੱਖ ਨੂੰ ਅੰਦਰੋ ਝੰਜੋੜ ਕੇ ਰੱਖ ਦਿੱਤੀਆਂ ਹਨ।

ਤਰਨਤਾਰਨ ਦੇ ਵਲਟੋਹਾ ਕਸਬੇ ਵਿੱਚ ਔਰਤ ਨੂੰ ਨਿਰਵਸਤਰ ਕਰਕੇ ਘੁਮਾਉਣ ਦੀ ਵੀਡੀਓ ਨੇ ਇੱਕ ਵਾਰ ਫਿਰ ਔਰਤ ਦੀ ਸੁਰੱਖਿਆ 'ਤੇ ਨਿਸ਼ਾਨੀਆ ਚਿੰਨ੍ਹ ਲਗਾਇਆ ਹੈ ਜੋ ਗੰਭੀਰ ਚਿੰਤਾ ਦਾ ਸਵਾਲ ਹੈ। ਕਿਤੇ ਔਰਤ ਨੂੰ ਨੀਵਾਂ ਦਿਖਾਉਦਿਆਂ ਜੈਜ਼ੀ ਬੈਂਸ ਦੇ ਗੀਤ ਵਿੱਚ ਭੇਡ ਕਿਹਾ ਗਿਆ ਤੇ ਕਿਤੇ ਡਾਂਸਰ ਕੁੜੀ ਦੀ ਅਸਹਿਮਤੀ ਤੇ ਮਰਦਾਵੀ ਹੈਂਕੜ ਕਿਵੇਂ ਬੋਲਦੀ ਤੇ ਕੁੜੀ ਦੀ ਬੇਇੱਜ਼ਤੀ ਕਰਨ ਲਈ ਸ਼ਰਾਬ ਦਾ ਗਲਾਸ ਉਸ ਵੱਲ ਵਗਾਹ ਮਾਰਦੀ ਹੈ। ਵਧ ਰਹੇ ਬਲਾਤਕਾਰ, ਕਿਤੇ ਅਣਖ ਦੇ ਨਾਂ 'ਤੇ ਸਮਾਜ ਦੇ ਮੂੰਹ 'ਤੇ ਦਾਗ਼ ਹਨ। ਅਜਿਹੀਆਂ ਘਟਨਾਵਾਂ ਲਈ ਜਿੱਥੇ ਜਗੀਰੂ ਮਾਨਸਿਕਤਾ ਅਤੇ ਮਰਦਾਵੀਂ ਸੱਤਾ ਜ਼ਿੰਮੇਵਾਰ ਹੈ, ਉੱਥੇ ਦੇਸ਼ ਦੇ ਹਾਕਮ ਵੀ ਔਰਤਾਂ ਖ਼ਿਲਾਫ਼ ਹੋ ਰਹੇ ਅਪਰਾਧਾਂ ਨੂੰ ਰੋਕਣ ਵਿੱਚ ਅਸਫ਼ਲ ਰਹੇ ਹਨ। ਇਹ ਪ੍ਰਬੰਧ ਔਰਤਾਂ ਨੂੰ ਸੁਰੱਖਿਅਤ ਮਾਹੌਲ ਦੇਣ ਵਿੱਚ ਨਾਕਾਮ ਰਿਹਾ ਹੈ, ਜਿਸ ਕਾਰਣ ਔਰਤਾਂ ਖ਼ਿਲਾਫ਼ ਜ਼ੁਲਮ ਵਧ ਰਿਹਾ ਹੈ।

ਜਿਸ ਦੇਸ਼ ਵਿੱਚ ਇੱਕ ਪਾਸੇ ਕੰਜਕਾਂ ਪੂਜੀਆਂ ਜਾਂਦੀਆਂ ਹੋਣ, ਬੇਟੀ ਬਚਾਓ ਬੇਟੀ ਪੜ੍ਹਾਓ, ਨੰਨ੍ਹੀ ਛਾਂ ਦੇ ਨਾਮ ਦੇ ਲਾਏ ਨਾਅਰੇ ਸਿਰਫ ਵਿਖਾਵਾ ਬਣ ਕੇ ਰਹਿ ਗਏ ਹਨ। ਜਿਸ ਦੇਸ਼ ਨੂੰ ਦੇਵੀ ਦੇਵਤਿਆਂ ਦਾ ਦੇਸ਼ ਕਿਹਾ ਜਾਂਦਾ ਹੈ, ਉੱਥੇ ਹੀ ਇਹ ਅਮਨੁੱਖੀ ਵਰਤਾਰਾ ਧੀਆਂ ਨੂੰ ਲਪੇਟ ਵਿੱਚ ਲੈ ਰਿਹਾ ਹੈ। ਮਨੀਪੁਰ ਵਿੱਚ ਕੂਕੀ ਭਾਈਚਾਰੇ ਨਾਲ ਸੰਬੰਧਿਤ ਦੋ ਔਰਤਾਂ ਨੂੰ ਲੋਕਾਂ ਦੇ ਹਜੂਮ ਵੱਲੋਂ ਨਿਰਵਸਤਰ ਕਰਕੇ ਸੜਕਾਂ ਉੱਤੇ ਘੁਮਾਉਣ ਦੀ ਇੱਕ ਵੀਡੀਓ ਸਾਹਮਣੇ ਆਈ, ਹਿੰਸਕ ਭੀੜ ਨੇ ਔਰਤਾਂ ਦੇ ਅੰਗਾਂ ਉੱਤੇ ਅਕਹਿ ਜ਼ੁਲਮ ਕੀਤਾ। ਔਰਤਾਂ ਵਿਰੁੱਧ ਜਿਣਸੀ ਹਮਲੇ ਦੀ ਇਹ ਘਟਨਾ ਇੰਨੀ ਕੁ ਜ਼ਾਲਮ ਸੀ ਕਿ ਲੂੰ-ਕੰਢੇ ਖੜ੍ਹੇ ਹੋ ਜਾਂਦੇ ਹਨ। ਅਜਿਹੇ ਵਰਤਾਰੇ ਔਰਤਾਂ ਉੱਤੇ ਜਬਰ ਤਕ ਹੀ ਨਹੀਂ, ਸਗੋਂ ਸਮੁੱਚੀ ਮਨੁੱਖਤਾ ਨੂੰ ਤਾਰ-ਤਾਰ ਕਰਦੇ ਹਨ।

ਬਲਾਤਕਾਰ, ਸਮੂਹਿਕ ਬਲਾਤਕਾਰ, ਵਧੀਕੀਆਂ, ਔਰਤ ਨਾਲ ਛੇੜਛਾੜ ਦੀਆਂ ਘਟਨਾਵਾਂ ਤਾਂ ਅਕਸਰ ਸਾਹਮਣੇ ਆ ਹੀ ਰਹੀਆਂ ਹਨ ਪਰ ਔਰਤ ਦੇ ਸਰੀਰ ਨਾਲ ਖੇਡ ਕੇ ਦਰਿੰਦੇ ਕੀ ਸਾਬਤ ਕਰਦੇ ਹਨ। ਇੱਥੇ ਕੁੜੀਆਂ/ਔਰਤਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾ ਉਸ ਨੂੰ ਭੋਗ ਦੀ ਵਸਤੂ ਸਮਝਿਆ ਜਾ ਰਿਹਾ ਹੈ। ਮੰਡੀ ਸੱਭਿਆਚਾਰ ਨੇ ਤਾਂ ਕੁੜੀ ਨੂੰ ਨੁਮਾਇਸ਼ ਦੀ ਵਸਤ ਬਣਾ ਕੇ ਉਸ ਦੇ ਬਿੰਬ ਨੂੰ ਹੋਰ ਵੀ ਵਿਗਾੜ ਦਿੱਤਾ ਹੈ। ਜਦੋਂ ਵੀ ਕੋਈ ਲੜਾਈ, ਦੰਗਾ ਜਾਂ ਬਦਲਾ ਲੈਣਾ ਹੋਵੇ ਤਾਂ ਔਰਤ ਨੂੰ ਵਰਤਿਆ ਜਾਂਦਾ ਹੈ। ਉਂਝ ਵੀ ਸਮਾਜ ਦਾ ਨਜ਼ਰੀਆ ਇਹ ਬਣਿਆ ਹੋਇਆ ਹੈ ਕਿ ਔਰਤ ਤੇ ਮਰਦ ਦੋਹਾਂ ਦੇ ਕਸੂਰਵਾਰ ਹੋਣ 'ਤੇ ਦੋਸ਼ ਔਰਤ 'ਤੇ ਮੜ੍ਹਿਆ ਜਾਂਦਾ ਹੈ। ਅੱਜ ਅਣਖ ਦੇ ਨਾਂ 'ਤੇ ਹੋ ਰਹੇ ਕਤਲ ਵੀ ਜ਼ਿਆਦਾਤਰ ਔਰਤ ਕੇਂਦ੍ਰਿਤ ਹਨ। ਇਸ ਸਮਾਜ ਨੇ ਅਣਖ ਦਾ ਸਵਾਲ ਵੀ ਔਰਤ ਨਾਲ ਜੋੜ ਦਿੱਤਾ ਹੈ। ਅਸਲ ਵਿੱਚ ਅਣਖ ਦੇ ਵੀ ਦੋ ਵੱਖੋ ਵੱਖਰੇ ਅਰਥ ਹਨ। ਉਦੋਂ ਅਣਖ ਇਨਸਾਨੀ ਤੌਰ 'ਤੇ ਨਿੱਜੀ ਗੌਰਵ ਬਣਦੀ ਹੈ ਜਦੋਂ ਬੰਦਾ ਸਮੂਹਿਕ ਹਿਤਾਂ ਲਈ ਕਾਰਵਾਈ ਕਰਦਾ ਹੋਇਆ ਮਨੁੱਖੀ ਲੁੱਟ ਦੇ ਖਿਲਾਫ਼ ਖੜ੍ਹਦਾ ਹੈ। ਅਜਿਹੇ ਅਣਖੀ ਮਨੁੱਖ ਦੀ ਸਮਾਜ ਵਿੱਚ ਇੱਜ਼ਤ ਵਧਦੀ ਹੈ। ਜਦੋਂ ਅਣਖ ਤੇ ਇੱਜ਼ਤ ਦਾ ਸੰਕਲਪ ਘਰ, ਪਰਿਵਾਰ, ਘਰਾਣਾ, ਜਾਤ, ਧਰਮ ਤੋਂ ਪੈਦਾਹੰਕਾਰ ਨਾਲ ਇਕਮਿਕ ਹੁੰਦਾ ਹੈ ਤਾਂ ਮਨੁੱਖ ਅੰਦਰਲੀ ਦੁਬਿਧਾ ਬਾਹਰੀ ਰੂਪ ਵਿੱਚ ਘਾਤਕ ਬਣਦੀ ਹੈ, ਜੋ ਹੈਵਾਨੀਅਤ ਵਿੱਚ ਢਲਦੀ ਗ਼ਲਤ ਠੀਕ ਦੀ ਪਛਾਣ ਭੁੱਲਦੀ ਹੈ। ਵਲਟੋਹਾ ਦੀ ਘਟਨਾ ਵੀ ਇਸੇ ਹੀ ਦਰਿੰਦਗੀ ਦੀ ਤਸਵੀਰ ਪੇਸ਼ ਕਰਦੀ ਹੈ। ਇਸ ਘਟਨਾ ਨੇ ਕਈ ਸਵਾਲ ਖੜ੍ਹੇ ਕੀਤੇ ਨੇ। ਅਸੀ ਇੰਨੇ ਸੰਵੇਦਨਹੀਣ ਹੋ ਗਏ ਕਿ ਅੱਖਾਂ ਸਾਹਵੇਂ ਔਰਤ ਨਾਲ ਭਾਣਾ ਵਰਤ ਰਿਹਾ ਤੇ ਦਰਿੰਦਿਆਂ ਨੂੰ ਰੋਕਣ ਦਾ ਹੀਆ ਨਹੀ ਕਰ ਸਕੇ। ਉਸ ਔਰਤ ਦਾ ਕੀ ਕਸੂਰ ਸੀ, ਜੋ ਪੁੱਤ ਦੇ ਕੀਤੇ ਪਿਆਰ ਵਿਆਹ ਦੀ ਗੁਨਾਹਕਾਰ ਬਣੀ। ਜਿਸਨੇ ਪੂਰੇ ਮੁਲਕ ਵਿੱਚ ਵਸਦੇ ਸੰਵੇਦਨਸ਼ੀਲ ਲੋਕਾਂ ਨੂੰ ਝੰਜੋੜ ਸੁੱਟਿਆ, ਇਸ ਘਟਨਾ ਤੋਂ ਸਮੁੱਚੀ ਮਨੁੱਖਤਾ ਸ਼ਰਮਸਾਰ ਹੋਈ ਹੈ।



ਅਸਲ ਵਿੱਚ ਅਜੋਕੇ ਮਨੁੱਖ ਦੀਆਂ ਪਦਾਰਥਕ ਰੁਚੀਆਂ ਨੇ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੱਤਾ। ਮਨੁੱਖੀ ਰਿਸ਼ਤਿਆਂ ਦੇ ਨਿਘਾਰ ਦਾ ਕਾਰਨ ਮਨੁੱਖ ਅੰਦਰੋਂ ਨੈਤਿਕ ਅਤੇ ਸਦਾਚਾਰਕ ਕਦਰਾਂ ਕੀਮਤਾਂ ਦਾ ਖ਼ਾਤਮਾ ਹੈ। ਇੱਕ ਪਾਸੇ ਉੱਪਰੋਂ ਪੈ ਰਿਹਾ ਆਧੁਨਿਕਤਾ ਦਾ ਪ੍ਰਭਾਵ ਤੇ ਦੂਜੇ ਪਾਸੇ ਮੱਧਯੁਗੀ ਚੱਕੀ ਵਿੱਚ ਪਿਸ ਰਹੀ ਲੁਕਾਈ ਨੇ ਗੈਰਜ਼ਿੰਮੇਵਾਰਾਨਾ ਸਥਿਤੀ ਨੂੰ ਜਨਮ ਦਿੱਤਾ। ਅਜਿਹੇ ਹਾਲਾਤ ਵਿੱਚ ਨਵੀ ਪੀੜ੍ਹੀ ਅਤੇ ਪੁਰਾਣੀ ਪੀੜ੍ਹੀ ਦੇ ਸੋਚਣ ਵਿਚਰਣ ਦਾ ਫਾਸਲਾ ਕਈ ਘਟਨਾਵਾਂ ਨੂੰ ਜਨਮ ਦੇ ਰਿਹਾ ਹੈ। ਮਾਪੇ ਜਦੋਂ ਪਿਛਾਂਹ ਖਿੱਚੂ ਸੋਚ ਦੇ ਧਾਰਨੀ ਬਣਦੇ ਹਨ ਤੇ ਬੱਚੇ ਅਜ਼ਾਦੀ ਦੇ ਭਰਮ ਨੂੰ ਅੰਤਿਮ ਸੱਚ ਮੰਨ ਲੈਂਦੇ ਹਨ ਤਾਂ ਇਹ ਟਕਰਾਵੀ ਸਥਿਤੀ ਕਿਸੇ ਨਾ ਕਿਸੇ ਪਾਸੇ ਮੋੜ ਲੈਂਦੀ ਹੈ। ਜੇ ਪਿਆਰ ਵਿਆਹ ਵਿੱਚ ਸੋਚ ਸਮਝ ਤੇ ਦੋਹਾਂ ਧਿਰਾਂ ਦੀ ਸਹਿਮਤੀ ਬਣਦੀ ਹੈ ਤਾਂ ਅਣਸੁਖਾਵੀ ਘਟਨਾ ਦਾ ਡਰ ਨਹੀ ਰਹਿੰਦਾ। ਮਾਪਿਆਂ ਦੀ ਸਹਿਮਤੀ ਤੋਂ ਬਿਨਾਂ ਕਰਵਾਏ ਵਿਆਹ ਬਾਰੇ ਪੰਜਾਬੀ/ਭਾਰਤੀ ਸਮਾਜ ਦੁਬਿਧਾ ਵਿੱਚ ਹੈ। ਇਹ ਪਿਛਾਖੜੀ ਸੋਚ ਕਿਸੇ ਨਾਲ ਅਸਹਿਮਤੀ, ਬਦਲਾ ਲੈਣਾ, ਨੀਵਾਂ ਦਿਖਾਉਣ, ਬਰਬਾਦ ਕਰਨ ਆਦਿ ਕਈ ਰੂਪਾਂ ਵਿੱਚ ਪ੍ਰਗਟਦੀ ਹਿੰਸਕ ਘਟਨਾ ਤਕ ਪਹੁੰਚ ਜਾਂਦੀ ਹੈ। ਔਰਤ ਨੂੰ ਨਿੱਜੀ ਜਾਇਦਾਦ ਸਮਝਣ ਵਾਲਾ ਇਹ ਸਮਾਜ ਰਿਸ਼ਤੇ, ਵਿਆਹ, ਇੱਜ਼ਤ ਤੇ ਸਟੇਟਸ ਤੇ ਟਿਕਿਆ ਹੋਇਆ ਹੈ। ਪਿਆਰ ਵਿਆਹ ਪ੍ਰਤੀ ਇਸ ਸਮਾਜ ਵਿੱਚ ਅਣਖ ਦਾ ਮਸਲਾ ਬਹੁਤ ਟੇਢਾ ਹੈ। ਮਰਦਾਵੀ ਹੈਂਕੜ ਵਿੱਚ ਨਿਹੰਗ ਸਿੰਘ ਨੇ ਵੀ ਆਪਣੀ ਕੁੜੀ ਮਾਰ ਕੇ ਉਸ ਦੀ ਮ੍ਰਿਤਕ ਦੇਹ ਨੂੰ ਮੋਟਰ ਸਾਇਕਲ ਪਿੱਛੇ ਬੰਨ੍ਹ ਕੇ ਗਲੀਆਂ ਵਿੱਚ ਘੁੰਮਦਿਆਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਸੀ ਕਿ ਮੇਰੀ ਕੁੜੀ ਨੇ ਪਿਆਰ ਸੰਬੰਧਾਂ ਵਿੱਚ ਪੈ ਕੇ ਮੇਰੇ ਘਰ ਦੀ ਇੱਜ਼ਤ ਰੋਲ ਦਿੱਤੀ ਹੈ, ਜਿਸਦਾ ਨਤੀਜਾ ਇਹ ਹਸ਼ਰ ਹੈ। ਕੁੜੀ ਨੂੰ ਘਰ ਦੀ ਇੱਜ਼ਤ ਨਾਲ ਬੰਨ੍ਹਣਾ ਤੇ ਇੱਜ਼ਤ ਦਾ ਸਵਾਲ ਖੜ੍ਹਾ ਕਰਕੇ ਬਦਲਾ ਲੈਣ ਦੀ ਸ਼ਰਮਨਾਕ ਘਟਨਾ ਨੂੰ ਅੰਜਾਮ ਦੇਣਾ, ਇਹ ਜਗੀਰੂ/ਪਿਛਾਕੜੀ ਰੂੜ੍ਹੀਵਾਦੀ ਸੋਚ ਦੀ ਦੇਣ ਹੈ। ਇੱਥੇ ਨੈਤਿਕ ਤੇ ਸਮਾਜਿਕ ਕਦਰਾਂ ਕੀਮਤਾਂ ਦੇ ਨਿਘਾਰ ਦੀ ਜੜ੍ਹ ਵਿੱਚ ਜਾਣ ਦੀ ਬਜਾਏ ਆਪਣੀ ਰੂੜ੍ਹੀਵਾਦੀ ਮਾਨਸਿਕਤਾ ਨੂੰ ਲਾਗੂ ਕਰਕੇ ਸੰਤੁਸ਼ਟ ਹੋਣ ਨਾਲ ਜੁੜਿਆ ਹੈ।

ਦੂਜੇ ਪਾਸੇ ਨਵੀਂ ਪੀੜ੍ਹੀ ਖਪਤਕਾਰੀ ਸੱਭਿਆਚਾਰ ਦੇ ਪ੍ਰਭਾਵ ਹੇਠ ਪ੍ਰਚਾਰੀ ਜਾ ਰਹੀ ਆਜ਼ਾਦੀ ਦੇ ਨਾਂ 'ਤੇ ਖੁੱਲ੍ਹ ਤੋਂ ਪ੍ਰਭਾਵਿਤ ਹੋ ਰਹੀ ਹੈ। ਕਾਮੁਕਤਾ ਅਤੇ ਨਿਰੋਲ ਜਿਸਮਾਨੀ ਖਿੱਚ ਦੇ ਬੁਰੇ ਨਤੀਜੇ ਵੀ ਸਾਹਮਣੇ ਆ ਰਹੇ ਹਨ। ਮਨਮਰਜ਼ੀ ਨਾਲ ਕਰਵਾਏ ਜ਼ਿਆਦਾਤਰ ਪਿਆਰ ਵਿਆਹ ਅਣਖ ਦੀ ਭੇਟ ਚੜ੍ਹਦੇ ਵੇਖੇ ਜਾ ਰਹੇ ਹਨ। ਪਿਆਰ-ਵਿਆਹ ਪ੍ਰਤੀ ਸਮਾਜ ਦਾ ਦ੍ਰਿਸ਼ਟੀਕੋਣ, ਜਾਗੀਰੂ/ਪਿਛਾਕੜੀ ਮਾਨਸਿਕਤਾ, ਮਰਦਾਵੀ ਹੈਂਕੜ, ਔਰਤ ਦੀ ਸਥਿਤੀ ਨਾਲ ਜੁੜਿਆ ਹੋਇਆ ਹੈ। ਅੰਮ੍ਰਿਤਸਰ ਜ਼ਿਲ੍ਹੇ ਦੇ ਮਜੀਠਾ ਇਲਾਕੇ ਵਿੱਚ ਇੱਕ ਪਿੰਡ ਦੇ ਨੌਜਵਾਨ ਨੇ ਆਪਣੀ ਭੈਣ ਅਤੇ ਉਸਦੇ ਪਤੀ ਨੂੰ ਪ੍ਰੇਮ ਵਿਆਹ ਕਰਵਾਉਣ ਕਾਰਨ ਗੋਲੀਆਂ ਮਾਰ ਕੇ ਕਤਲ ਕੀਤਾ। ਧਨੌਲਾ ਖੁਰਦ (ਬਰਨਾਲਾ) ਵਿਖੇ ਅਣਖ ਖ਼ਾਤਰ ਕੁੜੀ ਦੇ ਪਿਤਾ ਤੇ ਭਰਾ ਨੇ ਪ੍ਰੇਮੀ ਨੂੰ ਮਾਰ ਦਿੱਤਾ। ਅਜਿਹੀ ਘਟਨਾ ਹੀ ਮੋਗੇ ਦੇ ਪਿੰਡ ਬੱਧਨੀ ਵਿੱਚ ਵੀ ਵਾਪਰੀ। ਅਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਦੀ ਲੰਮੀ ਲਿਸਟ ਹੈ।

ਇਹ ਸਾਡੇ ਲਈ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ ਕਿ ਸਾਡੀਆਂ ਧੀਆਂ ਭੈਣਾਂ ਅਣਖ ਅਤੇ ਇੱਜ਼ਤ ਨਾਲ ਬੱਝੀਆਂ ਕਿਤੇ ਵੀ ਸੁਰੱਖਿਅਤ ਨਹੀਂ ਹਨ। ਇਹ ਇੱਕ ਬਿਮਾਰ ਸਮਾਜ ਦੀ ਨਿਸ਼ਾਨੀ ਹੈ। ਬਿਮਾਰ ਮਾਨਸਿਕਤਾ, ਜੋ ਔਰਤ ਦੇ ਸਰੀਰ 'ਤੇ ਹਮਲਾ ਕਰਨ ਤੋਂ ਪਹਿਲਾਂ ਠੋਸ ਨੀਂਹ ਤਿਆਰ ਕਰਦੀ ਹੈ। ਇਹ ਉਹ ਕਾਮੁਕ/ਸਰੀਰਕ ਹਮਲਾ ਹੁੰਦਾ ਹੈ, ਜੋ ਕਿਸੇ ਕੁੜੀ/ਔਰਤ ਦੀ ਰਜ਼ਾਮੰਦੀ ਤੋਂ ਬਗੈਰ ਉਸ ਦੇ ਨਾਲ ਸਰੀਰਕ ਜ਼ੋਰ, ਵਧੀਕੀ ਜਾਂ ਕਿ ਕਿਸੇ ਬਦਲੇ ਦੀ ਭਾਵਨਾ ਤਹਿਤ ਕੀਤਾ ਜਾਂਦਾ ਹੈ। ਇਸ ਲਈ ਬਿਮਾਰ ਮਾਨਸਿਕਤਾ ਵਾਲੇ ਲੋਕ ਜ਼ਿੰਮੇਵਾਰ ਹੁੰਦੇ ਹਨ ਜੋ ਅਜਿਹੇ ਮੌਕੇ ਦੀ ਤਲਾਸ਼ ਵਿੱਚ ਰਹਿੰਦੇ ਹਨ, ਜਿਸ ਤਰ੍ਹਾਂ ਅੰਦਰਲੀ ਦੁਸ਼ਮਣੀ ਦੀ ਅੱਗ ਠਾਰੀ ਜਾ ਸਕੇ। ਉਹ ਆਪਣੇ ਤੋਂ ਵੱਖਰੀ ਜਾਤ, ਧਰਮ ਜਾਂ ਫਿਰਕੇ ਨੂੰ ਨੀਚਾ ਦਿਖਾਉਣ ਦੀ ਸਾਜ਼ਿਸ਼ ਦੇ ਤਹਿਤ ਅਜਿਹਾ ਕਰਨ ਲਈ ਘਟੀਆ ਹਰਕਤ ਕਰਦੇ ਹਨ। ਅਜਿਹੇ ਮੁਜਰਿਮ ਕਿਸੇ ਘਟਨਾ ਨੂੰ ਅੰਜਾਮ ਦੇਣ ਤੋਂ ਪਹਿਲਾਂ ਰਾਜਸੀ ਸ਼ਰਨ ਲੈਂਦੇ ਹਨ ਹੈ। ਇਹੀ ਕਾਰਨ ਹੈ ਕਿ ਅਜਿਹੇ ਮੁਜਰਮਾਂ ਨੂੰ ਫੜਨ ਲਈ ਹੈ ਪੁਲਿਸ ਤੇ ਪ੍ਰਸ਼ਾਸਨ ਵੱਲੋਂ ਕਾਹਲ ਨਹੀਂ ਕੀਤੀ ਜਾਂਦੀ ਹੈ। ਇਸਦੇ ਨਾਲ ਇਹ ਪੱਖ ਵੀ ਸਾਹਮਣੇ ਆਉਂਦਾ ਹੈ ਕਿ ਕਾਨੂੰਨ ਜਿੰਨੇ ਮਰਜ਼ੀ ਬਣ ਜਾਣ ਪਰ ਉਨ੍ਹਾਂ ਨੂੰ ਲਾਗੂ ਕਰਨ ਤੇ ਲਾਗੂ ਕਰਵਾਉਣ ਵਾਲਿਆਂ ਦੀ ਮਾਨਸਿਕਤਾ ਸੌੜੀ ਹੁੰਦੀ ਹੈ। ਘਟਨਾ ਕਿਉਂ ਵਾਪਰਦੀ ਹੈ, ਇਸ ਬਾਰੇ ਸੋਚਣ ਦੀ ਬਜਾਏ ਪ੍ਰਸ਼ਾਸਨ ਤੇ ਸਰਕਾਰ ਉਸ ਵੇਲੇ ਹਰਕਤ ਵਿੱਚ ਆਉਂਦੇ ਹਨ, ਜਦੋਂ ਘਟਨਾ ਵਾਪਰ ਚੁੱਕੀ ਹੁੰਦੀ ਹੈ ਅਤੇ ਲੋਕਾਂ ਦਾ ਰੋਹ ਸਿਰ ਚੜ੍ਹ ਕੇ ਬੋਲ ਰਿਹਾ ਹੁੰਦਾ ਹੈ। ਅਜਿਹੀਆਂ ਬਦਮਾਸ਼ਪੁਣੇ, ਗੁੰਡਾਗਰਦੀ ਦੀਆਂ ਘਟਨਾਵਾਂ ਵਧ ਰਹੀਆਂ ਹਨ। ਦੇਸ਼ ਦੀ ਵੰਡ ਸਮੇਂ, 84 ਦੇ ਦੰਗਿਆਂ, ਗੁਜਰਾਤ ਤੇ ਮੁਜ਼ੱਫਰਨਗਰ ਦੇ ਦੰਗਿਆਂ, ਹਰਿਆਣਾ ਵਿੱਚ ਹੋਏ ਜਾਟ ਅੰਦੋਲਨ, ਕਸ਼ਮੀਰ ਵਿਚਲੀ ਹਿੰਸਾ ਆਦਿ ਸਮੇਂ ਔਰਤਾਂ ਦੀ ਇਸੇ ਮਕਸਦ ਤਹਿਤ ਬੇਪੱਤੀ ਹੋਈ ਤੇ ਹੁਣ ਵੀ ਹੋ ਰਹੀ ਹੈ। ਚਾਹੇ ਹਾਥਰਸ ਵਾਲੀ ਘਟਨਾ ਹੋਵੇ ਚਾਹੇ ਆਸਿਫਾ ਦੀ ਘਟਨਾ ਹੋਵੇ, ਜਦੋਂ ਕੋਈ ਵਹਿਸ਼ੀਪੁਣੇ ਵਾਲੀ ਘਟਨਾ ਵਾਪਰਦੀ ਹੈ ਤਾਂ ਸਾਡੀ ਲੜਾਈ ਮੁਜਰਮਾਂ /ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਤੇ ਪੀੜਤ ਪਰਿਵਾਰ ਨੂੰ ਨਿਆਂ ਦਿਵਾਉਣ ਤਕ ਸੀਮਤ ਨਹੀ ਹੋਣੀ ਚਾਹੀਦੀ ਹੈ ਬਲਕਿ ਦਰਿੰਦਿਆਂ ਦੀ ਅਜਿਹੀ ਸੋਚ ਦੀ ਜੜ੍ਹ ਦੇ ਖਾਤਮੇ ਤਕ ਜੱਦੋਜਹਿਦ ਕਰਨੀ ਪਵੇਗੀ। ਅਜਿਹੀ ਘਟਨਾ ਵਾਪਰਨ ਤੋਂ ਬਾਅਦ ਇਹ ਵਿਚਾਰ ਆਉਂਦਾ ਕਿ ਮੁਜਰਮਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ ਜਾਂ ਉਨ੍ਹਾਂ ਨੂੰ ਮਾਰ ਦਿੱਤਾ ਜਾਵੇ।

ਨਿਰਭਿਆ ਕੇਸ ਵਿੱਚ ਮੁਜਰਮਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਇਸੇ ਤਰ੍ਹਾਂ ਹੈਦਰਾਬਾਦ ਵਿੱਚ ਵੈਟਰਨਰੀ ਡਾਕਟਰ ਦਾ ਸਮੂਹਿਕ ਬਲਾਤਕਾਰ ਕਰਨ ਵਾਲੇ ਕਾਤਲਾਂ ਨੂੰ ਐਨਕਾਊਂਟਰ ਕਰਕੇ ਮਾਰਿਆ ਗਿਆ। ਪਰ ਫਿਰ ਵੀ ਇਨ੍ਹਾਂ ਘਟਨਾਵਾਂ ਨੂੰ ਠੱਲ੍ਹ ਨਹੀਂ ਪਾ ਸਕੇ। ਇਸ ਲਈ ਇਨ੍ਹਾਂ ਘਟਨਾਵਾਂ ਨੂੰ ਖ਼ਤਮ ਕਰਨ ਦਾ ਫਾਰਮੂਲਾ ਸਤਹੀ ਪੱਧਰ 'ਤੇ ਨਹੀਂ, ਜੜ੍ਹ ਵਿੱਚ ਵੇਖਣ ਦੀ ਜ਼ਰੂਰਤ ਹੈ। ਔਰਤਾਂ ਖਿਲਾਫ ਹੋਣ ਵਾਲੇ ਜੁਰਮ ਰੋਕਣ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਲਈ ਲਾਜ਼ਮੀ ਹੀ ਲੋਕ ਸੰਘਰਸ਼ਾਂ ਨਾਲ ਸਰਕਾਰ ਅਤੇ ਨਿਆਂ ਪ੍ਰਣਾਲੀ 'ਤੇ ਦਬਾਅ ਬਣਾਉਣਾ ਚਾਹੀਦਾ ਹੈ। ਸਾਡੀ ਲੜਾਈ ਪਿਤਰਕੀ ਸੱਤਾ ਦੇ ਨਾਲ ਇਸ ਸਮੁੱਚੇ ਪ੍ਰਬੰਧ ਨੂੰ ਬਦਲਣ ਦੀ ਹੈ। ਨਾਰੀ ਵਿਰੋਧੀ ਮੁੱਲਾਂ, ਸੰਸਕਾਰਾਂ ਤੇ ਮਾਨਸਿਕਤਾ ਨੂੰ ਘੜਨ ਵਾਲਾ ਆਰਥਿਕ, ਸਮਾਜਿਕ ਪ੍ਰਬੰਧ ਹੀ ਇਸਦੇ ਲਈ ਜ਼ਿੰਮੇਵਾਰ ਹੈ। ਜੇਕਰ ਔਰਤ ਨੇ ਦਾਬੇ ਅਤੇ ਵਿਤਕਰੇ ਵਾਲੇ ਸਮਾਜ ਤੋਂ ਮੁਕਤੀ ਲੈਣੀ ਹੈ ਤਾਂ ਨਾਰੀ ਅੰਦੋਲਨਾਂ ਦੀ ਠੀਕ ਦਿਸ਼ਾ ਨਿਰਧਾਰਿਤ ਕਰਨੀ ਹੋਵੇਗੀ। ਨਾਰੀ ਨੂੰ ਆਪਣੀ ਹੋਂਦ ਅਤੇ ਆਪਣੀ ਪਛਾਣ ਸਥਾਪਿਤ ਕਰਨ ਲਈ ਖ਼ੁਦ ਅੱਗੇ ਆਉਣਾ ਪਵੇਗਾ। ਸਮਾਜ ਵਿਚਲੀਆਂ ਪਿਛਾਂਹ ਖਿੱਚੂ ਤੇ ਢਾਹੂ ਕਦਰਾਂ ਕੀਮਤਾਂ ਨੂੰ ਖਤਮ ਕਰਨ ਦੇ ਲਈ ਲਗਾਤਾਰ ਆਵਾਜ਼ ਉਠਾਉਣ ਦੀ ਲੋੜ ਹੈ। ਇਹ ਨਾ ਹੋਵੇ ਕਿ ਘਟਨਾ ਵਾਪਰੀ ਤੇ ਆਵਾਜ਼ ਉੱਠੀ ਤੇ ਫਿਰ ਸ਼ਾਂਤ ਹੋ ਗਈ। ਇਹ ਲੜਾਈ ਵੱਡੇ ਪੱਧਰ 'ਤੇ ਲੜਨ ਦੀ ਲੋੜ ਹੈ ਜਿਸਦੇ ਵਿੱਚ ਸਮੁੱਚੇ ਨਾਰੀ ਵਰਗ, ਸ਼ੋਸ਼ਿਤ ਧਿਰਾਂ ਤੇ ਚਿੰਤਨਸ਼ੀਲ ਲੋਕਾਂ ਨੂੰ ਵੀ ਸ਼ਾਮਿਲ ਕਰਨਾ ਹੋਵੇਗਾ। ਇਸੇ ਦਿਸ਼ਾ ਵੱਲ ਅੱਗੇ ਵਧਦੇ ਹੋਏ ਅਸੀਂ ਸਿਹਤਮੰਦ ਤੇ ਬਰਾਬਰੀ ਵਾਲੇ ਸਮਾਜ ਦੀ ਉਸਾਰੀ ਕਰ ਸਕਦੇ ਹਾਂ ਤੇ ਢਾਹੂ ਕਦਰਾਂ ਕੀਮਤਾਂ ਦੀ ਥਾਂ ਨਰੋਈਆਂ ਉਸਾਰੂ ਕੀਮਤਾਂ ਦਾ ਪ੍ਰਸਾਰ ਕਰ ਸਕਦੇ ਹਾਂ।

# (ਉਹ ਦੋ ਪਲ)

ਯਾਦ ਨੇ ਅਜੇ ਵੀ
ਉਹ ਦੋ ਪਲ
ਦੋ ਪੱਲ ਦੀ ਉਹ ਮੁਲਾਕਾਤ
ਉਸ ਮੁਲਾਕਾਤ ਵਿੱਚ
ਕਿੰਨੇ ਹੀ ਜਨਮ ਮੈਂ
ਤੇਰੇ ਨਾਲ ਜੀ ਲਏ
ਉਹ ਹੁਸੀਨ ਪਲ
ਉਹ ਯਾਦਾਂ
ਤੇਰੀ ਮੁਹੱਬਤ
ਤੇਰਾ ਮਿਲਣਾ
ਤੇਰਾ ਵਿੱਛੜਨਾ
ਮੇਰੀਆਂ ਰਗਾਂ ਵਿੱਚ
ਅਜੇ ਵੀ ਜ਼ਿੰਦਗੀ ਬਣ
ਧੜਕ ਰਹੇ ਨੇ
ਸੱਚ ਉਹਨਾਂ ਦੋ ਪਲਾਂ ਵਿੱਚ
ਮੈਂ ਕਿੰਨੇ ਹੀ ਜਨਮ
ਤੇਰੇ ਨਾਲ ਜੀ ਲਏ ਨੇ
ਉਹਨਾਂ ਦੋ ਪਲਾਂ ਨੂੰ ਕੋਈ
ਮੈਥੋਂ ਚੁਰਾ ਨਹੀਂ ਸਕੇਗਾ ਹੁਣ
ਉਹ ਪਲ ਮੇਰੀ ਜ਼ਿੰਦਗੀ ਦਾ
ਬੇਸ਼ਕੀਮਤੀ ਸਰਮਾਇਆ ਨੇ
ਜਿਹਨਾਂ ਨੂੰ ਮੈਂ ਬਹੁਤ
ਸਹੇਜ ਕੇ ਆਪਣੇ ਚੇਤਿਆਂ
ਵਿੱਚ ਰੱਖਿਆ ਹੋਇਆ ਹੈ
ਉਹ ਦੋ ਪਲ
ਜਿਹਨਾਂ ਵਿੱਚ ਮੇਰੀ
ਜ਼ਿੰਦਗੀ ਧੜਕਦੀ ਹੈ
ਤੇਰੇ ਆਸ ਪਾਸ ਹੋਣ ਦਾ
ਅਹਿਸਾਸ ਕਰਾਉਂਦੇ ਹਨ
ਸੱਚ ਉਹ ਦੋ ਪਲ
ਉਹਨਾਂ ਦੋ ਪਲਾਂ ਵਿੱਚ
ਕਿੰਨੇ ਹੀ ਜਨਮ ਮੈਂ
ਤੇਰੇ ਨਾਲ ਜੀ ਲਏ ਨੇ ।



(ਰਮਿੰਦਰ ਰੰਮੀ)

ਭਾਗ-23

# ਜੈਲਦਾਰ ਸੂਬਾ ਸਿੰਘ...



ਗੱਲ ਸੁਣੇ ਤਾਂ ਹੀ ਹੈ। "ਮਹਿੰਦਰ ਬੋਲਦਾ ਹੈ।

" ਚੱਲ ਫ਼ੇਰ ਠੀਕ ਹੈ ਮੈ ਪਾਲੋ ਨੂੰ ਤਾਂ ਨਹੀ ਬੁਲਾਉਣਾ, ਆਪਾਂ ਰਮਨ ਕੋਲ ਜਾ ਆਉਂਦੇ ਹਾਂ। "ਕਰਮਜੀਤ ਜਵਾਬ ਦਿੰਦੀ ਹੈ।

"ਨਾ ਪਾਲੋ ਨੇ ਕਿਹੜਾ ਤੇਰੇ ਡਾਂਗ ਮਾਰੀ ਹੈ। "ਉਹ ਦੋਵੇਂ ਆਪਸ ਵਿੱਚ ਬੋਲਣ ਲੱਗ ਜਾਂਦੇ ਹਨ।

"ਤੁਸੀ ਆਪਸ ਵਿੱਚ ਲੜੋ ਨਾ.... ਸਾਡੀ ਗੱਲ ਮੰਨੋ ਮਾਮਿਆਂ ਕੋਲ ਜਾਉ..... ਉਹਨਾਂ ਨੂੰ ਆਪਣੇ ਨਾਲ ਲਵੋ ਤੇ ਕੁੜੀਆਂ ਦੇ ਸਹੁਰੇ ਜਾਕੇ ਆਉ..... ਗੱਲ ਕਰਨ ਤੇ ਇਹ ਵੀ ਪਤਾ ਲੱਗ ਜਾਵੇਗਾ ਕਿ ਸਰਦਾਰਾਂ ਦੇ ਮਨ 'ਚ ਕੀ ਹੈ। "

"ਬਾਈ ਜੀ ਤੁਹਾਡੀ ਆਹ ਗੱਲ ਬਿਲਕੁਲ ਠੀਕ ਹੈ। " ਕਰਮਜੀਤ ਭਰਾਵਾਂ ਦੀ ਗੱਲ ਉੱਤੇ ਮੋਹਰ ਲਗਾ ਦਿੰਦੀ ਹੈ।

"ਜੇ ਠੀਕ ਹੈ ਤਾਂ ਕੱਲ੍ਹ ਨੂੰ ਮੋਹਨ ਦੀ ਕਾਰ ਪੁੱਛ ਲੈਂਦਾ ਹਾਂ। " ਕਰਮਜੀਤ ਦੇ ਭਰਾ ਸਾਰੀ ਗੱਲ ਸਮਝਾ ਕੇ ਆਪ ਚਲੇ ਜਾਂਦੇ ਹਨ।

ਅਗਲੇ ਹੀ ਦਿਨ ਉਹ ਦੋਵੇਂ ਸਵੇਰੇ ਸਵੇਰੇ ਹੀ ਮਾਮਿਆਂ ਕੋਲ ਪਹੁੰਚ ਜਾਂਦੇ ਹਨ।

ਉਨ੍ਹਾਂ ਨੇ ਸਵੇਰੇ ਸਵੇਰੇ ਆਏ ਦੇਖ ਕੇ ਮਾਮੇ ਵੀ ਹੈਰਾਨ ਹੋ ਜਾਂਦੇ ਹਨ।

"ਮਾਮਾ ਸਤਿ ਸ੍ਰੀ ਅਕਾਲ....! "ਮਹਿੰਦਰ ਤੇ ਕਰਮਜੀਤ ਮਾਮਿਆਂ ਦੇ ਪੈਰੀ ਹੱਥ ਲਗਾਉਂਦੇ ਹਨ।

"ਸਤਿ ਸ੍ਰੀ ਅਕਾਲ..... ਮਹਿੰਦਰਾ ਐਨੀ ਸਵੇਰੇ ਸਵੇਰੇ..... ਕਿਵੇਂ ਸਭ ਠੀਕ ਤਾਂ ਹੈ। "

"ਹਾਂ ਮਾਮਾ ਸਭ ਠੀਕ ਹੈ..... ਕਰਮਜੀਤ ਕਹਿੰਦੀ ਬਹੁਤ ਚਿਰ ਹੋ ਗਿਆ ਮਾਮਿਆਂ ਨੂੰ ਮਿਲੇ ਹੋਏ ਜੋ ਉਹ ਨਹੀ ਆਏ ਤਾਂ ਆਪਾਂ ਮਿਲ ਆਉਂਦੇ ਹਾਂ। "

"ਨਾ ਪੁੱਤ ਉਸ ਦਿਨ ਤਾਂ ਤੂੰ ਸਾਨੂੰ ਗੋਲੀ ਮਾਰਦਾ ਸੀ। ਅਸੀ ਤੇਰੇ ਕੋਲ ਗੋਲੀਆਂ ਖਾਣ ਲਈ ਥੋੜਾ ਆਉਣਾ ਸੀ। "ਵੱਡਾ ਮਾਮਾ ਮਹਿੰਦਰ ਨੂੰ ਜਵਾਬ ਦਿੰਦਾ ਹੈ।

"ਮਾਮਾ ਮੁਆਫ਼ ਕਰਦੇ ਯਾਰ.... ਉਸ ਦਿਨ ਬਸ ਖਾਂਦੀ ਪੀਤੀ ਵਿੱਚ ਕੁਝ ਵੱਧ ਬੋਲਿਆ ਗਿਆ। "

" ਚੱਲ ਤੇਰੀ ਤਾਂ ਖਾਂਦੀ ਪੀਤੀ ਸੀ ਪਰ ਕਰਮਜੀਤ ਦੀ..........! "

"ਮਾਮਾ ਛੋਟੇ ਗਲਤੀਆਂ ਕਰਦੇ ਹੀ ਹੁੰਦੇ ਹਨ ਤੇ ਵੱਡੇ ਮੁਆਫ਼ ਕਰ ਹੀ ਦਿੰਦੇ ਹਨ। ਸਾਨੂੰ ਵੀ ਤੁਸੀ ਮੁਆਫ਼ ਕਰ ਦਿਉ। "

"ਉਹ ਤਾਂ ਠੀਕ ਹੈ ਪਰ ਪੁੱਤ ਆਪਣੀ ਦਾੜੀ ਨੂੰ ਹੱਥ ਕੋਈ ਵੀ ਬਰਦਾਸ਼ਤ ਨਹੀ ਕਰਦਾ। "

" ਮਾਮਾ ਤੂੰ ਭਾਵੇਂ ਮੇਰੇ ਪੰਜਾਹ ਜੁੱਤੀਆਂ ਮਾਰ ਲੈ.... ਕੁੱਤਾ ਹੋਵੇਗਾ ਜਿਹੜਾ ਤੇਰੇ ਅੱਗੇ ਭੋਰਾ ਵੀ ਬੋਲੇ....... ਬਾਕੀ ਮਾਮਿਆਂ ਉੱਤੇ ਭਾਣਜਿਆ ਦਾ ਇੰਨਾ ਕੁ ਹੱਕ ਤਾਂ ਬਣਦਾ ਹੀ ਹੈ। "

"ਚੱਲ ਛੱਡ ਛੋਟੇ ਇੰਨਾ ਨਿਆਣਿਆਂ ਨਾਲ ਆਪਾਂ ਹੁਣ ਨਿਆਣੇ ਤਾਂ ਨਹੀ ਬਣ ਜਾਣਾ.....!" ਵੱਡਾ ਮਾਮਾ ਛੋਟੇ ਮਾਮੇ ਨੂੰ ਸਮਝਾਉਣ ਲੱਗ ਜਾਂਦਾ ਹੈ।

"ਆ ਜਾਉ ਆ ਜਾਉ ਤੇ ਬੈਠੋ ਪਹਿਲਾਂ ਚਾਹ ਪੀਂਦੇ ਹਾਂ ਤੇ ਫ਼ਿਰ ਕੋਈ ਹੋਰ ਗੱਲ ਕਰਾਂਗੇ। "

(ਚਾਹ ਪੀਣ ਤੋਂ ਬਾਅਦ)

" ਹਾਂ ਦੱਸ ਕੀ ਗੱਲ ਹੈ ਮਹਿੰਦਰਾ......? "

"ਮਾਮਾ ਉਹ ਹੀ ਹੈ, ਹੁਣ ਜਮੀਨ ਦਾ ਕੀ ਕਰਨਾ ਹੈ? "

" ਉਸਦਾ ਤਾਂ ਤੁਹਾਡੀ ਬੇਬੇ ਨੂੰ ਪਤਾ ਹੈ। ਅਸੀ ਇਸ ਦੇ ਬਾਰੇ ਵਿੱਚ ਭਲਾ ਕੀ ਆਖ ਸਕਦੇ ਹਾਂ। "

"ਭੋਗ ਤੋਂ ਬਾਅਦ ਵੀ ਬੇਬੇ ਨਾਲ ਮੈਂ ਗੱਲ ਕੀਤੀ ਸੀ ਪਰ ਪਾਲੋ ਇਹ ਗੱਲ ਸੁਣ ਕੇ ਮੇਰੇ ਗੱਲ ਹੀ ਪੈ ਗਈ। "

" ਦੇਖ ਪੁੱਤ ਅਸੀ ਵੀ ਉਸਨੂੰ ਇਸਦੇ ਬਾਰੇ ਵਿੱਚ ਕੁਝ ਨਹੀ ਕਹਿਣਾ..... ਉਸਦੇ ਵਿੱਚ ਬਾਹਲੀ ਸਰਦਾਰੀ ਵੜੀ ਹੋਈ ਹੈ। ਜੇ ਉਹ ਸਰਦਾਰ ਹਨ ਤਾਂ ਮੰਗਤੇ ਅਸੀ ਵੀ ਨਹੀ ਹਾਂ..... ਨਾਲ ਲੱਗਦੇ ਦਸਾਂ ਪਿੰਡਾਂ ਵਿੱਚ ਤੇਰੇ ਮਾਮਿਆਂ ਦਾ ਨਾਂ ਚੱਲਦਾ ਹੈ ਨਾਂ ਤੇ ਉਹ ਤਾਂ ਸਾਨੂੰ ਟੁੱਕ ਉੱਤੇ ਡੇਲਾ ਹੀ ਸਮਝਦੀ ਹੈ ਰਹਿ ਗਿਆ ਤਾਂ ਰਹਿ ਗਿਆ ਦੇ ਡਿੱਗ, ਨਹੀ ਤਾਂ ਡਿੱਗ ਪਿਆ ਤਾਂ ਡਿੱਗ ਪਿਆ। "

"ਤੂੰ ਆਪ ਹੀ ਦੱਸ ਅਸੀ ਤੁਹਾਡੇ ਮਾਮੇ ਹਾ ਮਾਮੇ... ਭੋਰਾ ਤਾਂ ਇੱਜ਼ਤ ਦਿੰਦੀ ਸਾਨੂੰ...... ਬਾਹਲੀ ਸਿਆਣੀ ਨੇ ਸਾਡੀ ਤਾਂ ਸਾਰਿਆਂ ਵਿਚ ਮਿੰਟਾਂ ਵਿੱਚ ਲਾਹ ਦਿੱਤੀ...... ਹੋਰ ਤਾਂ ਹੋਰ ਇਸ ਸਭ ਨੇ ਨਸੀਬੋ ਨੇ ਵੀ ਕੁਝ ਨਹੀ ਕਿਹਾ ਪਾਲੋ ਨੂੰ। "

"ਹੋਰ ਕਿੱਥੇ ਮਰਜ਼ੀ ਲੈ ਚੱਲ , ਚਲੋ ਪਵਾਂਗੇ ਪਰ ਆਹ ਕੰਮ ਲਈ ਤਾਂ ਸਾਨੂੰ ਮੁਆਫ਼ ਹੀ ਕਰ......! "

"ਮਾਮਾ ਸਾਡੇ ਕਰਕੇ ਨਹੀ ਤਾਂ ਸਾਡੇ ਨਿਆਣਿਆਂ ਲਈ ਹੀ ਚੱਲ ਪਵੋ। "

"ਨਹੀ ਯਾਰ ਜੋ ਪਾਲੋ ਨੇ ਹੋਰ ਕੁਝ ਬੋਲ ਦਿੱਤਾ ਬਰਦਾਸ਼ਤ ਸਾਡੇ ਕੋਲੋਂ ਵੀ ਨਹੀ ਹੋਣਾ ਕਿਤੇ ਹੋਰ ਹੀ ਕਲੇਸ਼ ਨਾ ਪੈ ਜਾਵੇ। ਸਾਡੇ ਕੋਲੋਂ ਹੋਰ ਬੇਇੱਜ਼ਤੀ ਨਹੀ ਸਹਿਣ ਹੋਣੀ। "

" ਫ਼ੇਰ ਮੈਂ ਮਾਮਾ ਤੁਹਾਡੀ ਨਾ ਹੀ ਸਮਝਾ...... ਤੁਸੀਂ ਮੇਰੇ ਨਾਲ ਨਹੀ ਜਾਣਾ। "

" ਹਾਂ ਮਹਿੰਦਰਾ ਇਸ ਕੰਮ ਲਈ ਤਾਂ ਤੂੰ ਸਾਡੀ ਕੋਰੀ ਨਾ ਹੀ ਹੈ। ਤੈਨੂੰ ਆਖਿਆ ਹੋਰ ਭਾਵੇਂ ਖੂਹ ਵਿੱਚ ਉਤਰਨ ਲਈ ਕਹੇਗਾ ਤਾਂ ਬਿਨਾ ਕੁਝ ਬੋਲੇ ਉਤਰ ਜਾਵਾਂਗੇ ਪਰ ਇੱਥੇ ਚੱਲਣ ਸਾਨੂੰ ਮਜਬੂਰ ਨਾ ਕਰ..... ਅਸੀ ਤੇਰੇ ਨਾਲ ਨਹੀ ਜਾਣਾ। "

" ਮਾਮਾ ਅਸੀ ਤਾਂ ਬੜੀ ਉਮੀਦ ਨਾਲ ਆਏ ਸੀ ਤੁਹਾਡੇ ਕੋਲ ਪਰ ਚਲੋ ਕੋਈ ਨਾ। "ਮਹਿੰਦਰ ਤੇ ਕਰਮਜੀਤ ਦੋਵੇਂ ਨਿਰਾਸ਼ ਹੋ ਕੇ ਮਾਮਿਆਂ ਕੋਲੋਂ ਵਾਪਸ ਚੱਲ ਪੈਂਦਾ ਹਨ।

"ਆਪਾਂ ਦੋਵੇਂ ਹੀ ਨਾ ਚੱਲੀਏ... ਨਾਲੇ ਅੱਗ ਦੀ ਨਾਲ ਤਾਂ ਪਿੰਡ ਹੀ ਹੈ" ਕਰਮਜੀਤ ਨੇ ਮਹਿੰਦਰ ਨੂੰ ਆਖਿਆ। "

"ਚੱਲ ਫ਼ੇਰ ਦੇਖ ਹੀ ਲੈਂਦੇ ਹਾਂ। "ਦੋਨੋ ਜਾਣੇ ਰਮਨ ਤੇ ਪਾਲੋ ਦੇ ਸਹੁਰੇ ਪਹੁੰਚ ਜਾਂਦੇ ਹਨ। ਉਹਨਾਂ ਨੂੰ ਦੇਖ ਕੇ ਸਰਦਾਰ ਜੀ ਹੈਰਾਨ ਰਹਿ ਜਾਂਦੇ ਹਨ।

" ਅੱਜ ਕਿਤੇ ਭੁਲੇਖੇ ਨਾਲ ਤਾਂ ਨਹੀਂ ਆ ਗਏ........ ਮਹਿੰਦਰਾ......! "

"ਬਾਈ ਜੀ ਸਤਿ ਸ੍ਰੀ ਅਕਾਲ ਜੀ......! "

"ਸਤਿ ਸ੍ਰੀ ਅਕਾਲ ਤਾਂ ਠੀਕ ਹੈ ਪਰ ਅੱਜ ਕਿਵੇਂ ? "

"ਹਾਂ ਜੀ ਬਾਈ ਜੀ ਸਭ ਠੀਕ ਹੈ ਜੀ। "

"ਰਮਨ..... ਰਮਨ. ... ਬਾਹਰ ਆ ਤਾਂ ਸਹੀ ਦੇਖ ਕੌਣ ਆਇਆਂ ਹੈ? "

"ਆਈ ਜੀ...... ਬਾਕੀ ਕੌਣ ਆਇਆਂ ਹੈ ਬੜੇ ਖੁਸ਼ ਹੋਈ ਜਾਣੇ ਹੋ। "

"ਤੇਰੇ ਭਰਾ ਤੇ ਭਰਜਾਈ ਆਏ ਹਨ। "

" ਹੈ ਜੀ ਕੌਣ..........! "

" ਬਾਹਰ ਆ ਕੇ ਦੇਖ ਲੈ ਸਭ ਪਤਾ ਲੱਗ ਜਾਵੇਗਾ। "

"ਸਤਿ ਸ੍ਰੀ ਅਕਾਲ ਰਮਨ ਭੈਣ.......! "ਕਰਮਜੀਤ ਰਮਨ ਨੂੰ ਫਤਹਿ ਬੁਲਾਉਂਦੀ ਹੈ

" ਸਤਿ ਸ੍ਰੀ ਅਕਾਲ..... ਕਿਵੇਂ ਸਭ ਠੀਕ ਤਾਂ ਹੈ ਨਾ। "

"ਹਾਂ ਜੀ........ਹਾਂ ਜੀ ਸਭ ਠੀਕ ਹੈ ਬਸ ਅੱਜ ਤੁਹਾਨੂੰ ਮਿਲਣ ਨੂੰ ਦਿਲ ਕੀਤਾ ਤੇ ਅਸੀ ਆ ਗਏ। ਕੋਈ ਗਲਤੀ ਤਾਂ ਨਹੀ ਕੀਤੀ ਅਸੀ ਆ ਕੇ। "

"ਇਸ ਵਿੱਚ ਗਲਤੀ ਵਾਲੀ ਕਿਹੜੀ ਗੱਲ ਹੈ। ਭਰਾ ਤਾਂ ਭੈਣਾਂ ਦੇ ਘਰੇ ਆਉਂਦੇ ਹੀ ਹੁੰਦੇ ਨੇ ਕੋਈ ਗਲਤੀ ਨਹੀ ਕੀਤੀ ਤੁਸੀ। ਪਹਿਲਾਂ ਤੁਸੀ ਇਹ ਦੱਸੋ ਕਿ ਠੰਡਾ ਪੀਣਾ ਹੈ ਜਾਂ ਫਿਰ ਤੱਤਾ.......! "

"ਨਹੀ ਭੈਣ ਜੀ ਪੀਣਾ ਤਾਂ ਅਸੀ ਕੁਝ ਨਹੀਂ। "

" ਕਿਉ ਨਹੀ ਪੀਣਾ, ਪੀਣਾ ਤਾਂ ਹੈ ਹੀ . ... ਜੋ ਤੁਹਾਡਾ ਦਿਲ ਕਰਦਾ ਹੈ ਦਸ ਦਿਉ। "

" ਚੱਲ ਫ਼ੇਰ ਭੈਣੇ ਜੋ ਤੇਰਾ ਦਿਲ ਕਰਦਾ ਹੈ ਬਣਾ ਲੈ, ਉਹ ਹੀ ਪੀ ਲਵਾਂਗੇ। "

"ਰਾਣੀ ਪਹਿਲਾਂ ਪਾਣੀ ਲਿਆ ਤੇ ਫ਼ਿਰ ਦੁੱਧ ਵਿੱਚ ਹੀ ਪੱਤੀ ਪਾ ਲੈ। "ਰਮਨ ਆਪਣੀ ਨੌਕਰਾਣੀ ਨੂੰ ਆਖਦੀ ਹੈ।

"ਠੀਕ ਹੈ ਬੀਬੀ ਜੀ। "

"ਵੱਡੇ ਸਰਦਾਰ ਜੀ ਨਜ਼ਰ ਨਹੀ ਆ ਰਹੇ। " ਮਹਿੰਦਰ ਛੋਟੇ ਸਰਦਾਰ ਜੀ ਨੂੰ ਪੁੱਛਦਾ ਹੈ।

"ਵੱਡੇ ਬਾਈ ਜੀ ਚੰਡੀਗੜ੍ਹ ਵੋਟਾ ਦੇ ਸਬੰਧ ਵਿੱਚ ਗਏ ਹਨ। ਉਹ ਇਸ ਵਾਰ ਐਮ. ਐਲ. ਏ ਦੀ ਟਿਕਟ ਲੈਣ ਦੇ ਬਾਰੇ ਵਿੱਚ ਸੋਚ ਰਹੇ ਹਨ। "

"ਵਧੀਆਂ ਜੀ ਬਹੁਤ ਵਧੀਆ, ਪਾਲੋ ਭੈਣ ਜੀ। "

"ਉਹ ਵੀ ਹੁਣੇ ਹੀ ਪਿੰਡੋਂ ਕੁਝ ਬੈਂਕ ਦੇ ਜਰੂਰੀ ਕੰਮ ਕਰਨ ਲਈ ਆਏ ਹੋਏ ਹਨ। ਸ਼ਾਮ ਨੂੰ ਵਾਪਸ ਪਿੰਡ ਚਲੇ ਜਾਣਗੇ। "ਰਮਨ ਦੀ ਇਹ ਗੱਲ ਸੁਣ ਕੇ ਤਾਂ ਉਹਨਾਂ ਨੂੰ ਗਲੇ ਵਿੱਚੋ ਪਾਣੀ ਲੰਘਾਉਣਾ ਔਖਾ ਹੋ ਗਿਆ।

"ਜੇ ਉਹਨਾਂ ਨੇ ਆਉਣਾ ਸੀ ਤਾਂ ਸਾਨੂੰ ਦੱਸ ਦਿੰਦੇ ਅਸੀ ਨਾਲ ਹੀ ਲੈ ਆਉਂਦੇ ,ਚਲੋ ਕੋਈ ਨਾ। "

(ਮੂਸਾ ਭੱਜਿਆ ਮੌਤ ਤੋਂ ,ਤੇ ਮੌਤ ਅੱਗੇ ਖੜ੍ਹੀ ਵਾਲੀ ਗੱਲ ਦੋਨਾਂ ਨਾਲ ਹੋਈ)

"ਆਉ ਜੀ ਸਰਦਾਰ ਮਹਿੰਦਰ ਸਿੰਘ ਜੀ ਕਿਵੇਂ ਆਉਣਾ ਹੋਇਆਂ? "ਅੰਦਰੋ ਬਾਹਰ ਆਉਂਦੀ ਹੋਈ ਪਾਲੋ ਉਸਨੂੰ ਪੁੱਛਦੀ ਹੈ।

"ਬਸ........ਮਿਲਣ ਲਈ ਆ ਗਏ ਜੀ। "

"ਅੱਛਾ...... ਅੱਛਾ ਤੇਰੇ ਤੋਂ ਪਿੰਡ ਤਾਂ ਸਾਨੂੰ ਮਿਲਣ ਲਈ ਕਦੇ ਆਇਆਂ ਨਾ ਗਿਆ, ਵੇ ਇੱਥੇ ਕੀ ਮਿਲਣ ਨੂੰ ਕੀ ਤੇਰੀਆਂ ਬਾਹਾਂ ਆਕੜ ਗਈਆਂ ਸਨ ਤੇਰੀਆਂ। "

"ਪਾਲੋ ਭੈਣ ਤੇਰੀਆਂ ਆਹੀ ਗੱਲਾਂ ਤਾਂ ਮਾੜੀਆਂ ਨੇ ਤੂੰ.......... ਤੂੰ ਕਦੇ ਪਿਆਰ ਨਾਲ ਵੀ ਗੱਲ ਕਰ ਲਿਆ ਕਰ। "ਮਹਿੰਦਰ ਦੇ ਇਹ ਗੱਲ ਬੋਲਦੇ ਹੀ ਕਰਮਜੀਤ ਸੋਨੇ ਤੋਂ ਉੱਠ ਕੇ ਪਾਲੋ ਦੇ ਪੈਰਾਂ ਕੋਲ ਬੈਠ ਜਾਂਦੀ ਹੈ।

"ਭੈਣ ਜੀ ਸਾਨੂੰ ਮੁਆਫ਼ ਕਰ ਦਿਉ ਜੀ,ਹੁਣ ਬੀਤਿਆ ਸਮਾਂ ਤਾਂ ਵਾਪਸ ਆ ਨਹੀ ਸਕਦਾ। "

"ਉੱਠ.... ਉੱਠ ਤੇ ਬੈਠ ਸੋਫੇ ਉੱਤੇ। "

"ਨਹੀ ਪਹਿਲਾਂ ਤੁਸੀ ਆਖੋ ਕਿ ਤੁਹਾਡੇ ਸਾਨੂੰ ਮੁਆਫ਼ ਕਰ ਦਿੱਤਾ ਹੈ। "

"ਚਲੋ ਕਰ ਦਿੱਤਾ ਮੁਆਫ਼.... ਹੁਣ ਹੋਰ ਦੱਸੋ। "

"ਹੋਰ ਤਾਂ ਕੁਝ ਨਹੀ ਅਸੀ ਤਾਂ ਬਸ ਮੁਆਫ਼ੀ ਹੀ ਮੰਗਣ ਲਈ ਆਏ ਸੀ। "

ਚੱਲਦਾ......



ਸੰਦੀਪ ਦਿਉੜਾ
843755666

ਅਗਲੇ ਦਿਨ ਆਪਣੇ ਭਰਾਵਾਂ ਨੂੰ ਫੋਨ ਕਰਦੀ ਹੈ। ਉਹ ਦੋਵੇਂ ਹੀ ਮਿਲਣ ਲਈ ਆ ਜਾਂਦੇ ਹਨ।

"ਹੁਣ ਤੁਸੀ ਹੀ ਦੱਸੋ ਆਪਾਂ ਨੂੰ ਕੀ ਕਰਨਾ ਚਾਹੀਦਾ ਹੈ। " ਕਰਮਜੀਤ ਸਾਰੀ ਗੱਲ ਉਹਨਾਂ ਨਾਲ ਕਰਦੀ ਹੈ।

"ਇਸਦਾ ਮਤਲਬ ਬੇਬੇ ਤਾਂ ਲੱਗਦੀ ਹੈ ਸਾਰਾ ਕੁਝ ਆਪਣੀਆਂ ਕੁੜੀਆਂ ਨੂੰ ਹੀ ਦੇਵੇਗੀ। "ਇੱਕ ਭਰਾ ਉਸਨੂੰ ਆਖਦਾ ਹੈ।

" ਮਹਿੰਦਰ ਕੱਲ੍ਹ ਗਿਆ ਸੀ ਪਰ ਕੋਈ ਸਿਰਾ ਹੱਥ ਨਹੀਂ ਫੜਾਇਆ...... ਇਹ ਮੈਨੂੰ ਕਹਿੰਦਾ ਸੀ ਕਿ ਆਪਾਂ ਉਹਨਾਂ ਕੋਲੋਂ ਮੁਆਫ਼ੀ ਮੰਗ ਲੈਂਦੇ ਹਾਂ। ਪਰ ਮੈਂ ਤਾਂ ਸਾਫ਼ ਸਾਫ ਆਖ ਦਿੱਤਾ ਕਿ ਮੈਂ ਕਿਸੇ ਕੋਲੋਂ ਕੋਈ ਮੁਆਫ਼ੀ-ਮੁਫੀ ਨਹੀਂ ਮੰਗਣੀ। "

"ਨਾ ਤੇਰੇ ਕਿਹੜਾ ਮੈਡਲ ਉਤਰ ਜਾਣਗੇ ਮੁਆਫ਼ੀ ਮੰਗਣ ਨਾਲ ਥੋੜ੍ਹੇ ਸਿਆਣੇ ਬਣੀਦਾ ਹੈ... ਆਖੇ ਸੱਪ ਵੀ ਮਰ ਜਾਵੇ ਤੇ ਡਾਂਗ ਵੀ ਨਾ ਟੁੱਟੇ... ਹੋਰ ਤੈਨੂੰ ਕੀ ਚਾਹੀਦਾ ਹੈ। " ਦੋਵੇਂ ਹੀ ਭਰਾ ਕਰਮਜੀਤ ਨੂੰ ਸਮਝਾਉਣ ਲੱਗ ਜਾਂਦੇ ਹਨ।

" ਹੋਰ ਤਾਂ ਹੋਰ ਤੁਹਾਡੇ ਨਾਲ ਤਾਂ ਪੂਰੇ ਪਿੰਡ ਵਿੱਚੋ ਇੱਕ ਵੀ ਬੰਦਾ ਨਹੀ ਤੁਰਦਾ....ਹੁਣ ਤੂੰ ਹੀ ਦੱਸ ਕੀ ਰਹਿ ਗਈ ਹੈ ਤੁਹਾਡੀ ਸਰਦਾਰੀ...... ਐਵੇਂ ਕਮਲ ਨਾ ਮਾਰੋ ਤੇ ਮੰਗ ਲਵੋ ਮੁਆਫ਼ੀ..........ਆਪਣਾ ਨਹੀਂ ਤਾਂ ਮੁੰਡਿਆਂ ਦਾ ਹੀ ਸੋਚ ਲਵੋ ਕੀ ਕਰਨਗੇ" ਗੰਜੀ ਕੀ ਧੋਊ ਤੇ ਕੀ ਨਚੋੜੂ, ਭੋਰਾ-ਭੋਰਾ ਟੋਟੇ ਰਹਿ ਜਾਣਗੇ ਜਮੀਨ ਦੇ ਨਾਂ ਤੇ.... ਇੰਨਾ ਦੀ ਸਾਰੀ ਦੀ ਸਾਰੀ ਉਮਰ ਕਰਜ਼ੇ ਉਤਾਰਦਿਆ ਦੀ ਹੀ ਲੰਘ ਜਾਵੇਗੀ...... ਬਾਕੀ ਮਰਜ਼ੀ ਹੈ ਤੁਹਾਡੀ.... ਕਿਉ ਮਹਿੰਦਰ ਬਾਈ ਜੀ ਜੇ ਸਾਨੂੰ ਸੱਦਿਆ ਹੈ ਤਾਂ ਅਸੀ ਤਾਂ ਸਹੀ ਸਲਾਹ ਹੀ ਦੇਵਾਂਗੇ। ਮੰਨਣਾ ਜਾਂ ਨਾ ਮੰਨਣਾ ਤੁਹਾਡੀ ਮਰਜ਼ੀ ਹੈ, ਜੇ ਤੁਸੀ ਸੋਚਦੇ ਹੋ ਕਿ ਕੇਸ ਕਰ ਲਵੋਗੇ ਤਾਂ ਕੁਝ ਨਹੀ ਪਿਆ ਇਨ੍ਹਾਂ ਕੋਰਟ ਕਚਿਹਰੀਆਂ ਵਿੱਚ ਨਿਰੇ ਧੱਕੇ ਨੇ ਬਸ ਧੱਕੇ..........। "ਦੋਵੇਂ ਭਰਾ ਇੱਕ ਵਾਰ ਫੇਰ ਸਮਝਾਉਣ ਲੱਗ ਜਾਂਦੇ ਹਨ।

" ਹੋਰ ਤਾਂ ਹੋਰ ਵਸੀਅਤ ਵੀ ਸਾਰੀ ਤੁਹਾਡੀ ਬੇਬੇ ਦੇ ਨਾਂ ਤੇ ਹੀ ਹੈ। "

"ਮੈ ਵੀ ਤਾਂ ਇਹ ਹੀ ਆਖ ਰਿਹਾ ਹਾਂ ਪਰ ਮੇਰੀ ਕੋਈ

# ਦਿਲ ਤੇ ਦਿਮਾਗ



ਹਰਪ੍ਰੀਤ ਕੌਰ ਸੰਧੂ



ਦਿਲ ਤੇ ਦਿਮਾਗ ਮਨੁੱਖੀ ਸਰੀਰ ਦੇ ਸਭ ਤੋਂ ਸੰਵੇਦਨਸ਼ੀਲ ਤੇ ਨਾਜ਼ੁਕ ਅੰਗ ਹਨ। ਪਰ ਮਨੁੱਖ ਸਭ ਤੋਂ ਵੱਧ ਬੋਝ ਇਹਨਾਂ ਤੇ ਹੀ ਪਾਈ ਫਿਰਦਾ ਹੈ। ਹਰ ਕੋਈ ਪੰਡਾ ਹੀ ਚੱਕੀ ਫਿਰਦਾ ਹੈ ਦਿਮਾਗ ਤੇ ਤੇ ਦਿਲ ਵਿੱਚ। ਪੰਡਾ ਵੀ ਮੁਹੱਬਤ ਦੀਆਂ ਨਹੀਂ ਨਫਰਤ ਦੀਆਂ, ਗੁੱਸੇ ਦੀਆਂ। ਕਿਸੇ ਦੀ ਕਹੀ ਚੁੱਭ ਵੀ ਗੱਲ ਨੂੰ ਤੀਰ ਵਾਂਗ ਆਪਣੇ ਦਿਲ ਵਿੱਚ ਖੁਭੋਈ ਘੁੰਮਦੇ ਹਨ।

ਛੋਟੀ ਜਿਹੀ ਸੱਟ ਨੂੰ ਰੋਜ਼ ਕੁਰੇਦਦੇ ਹਨ ਇੱਥੋਂ ਤੱਕ ਕਿ ਉਹਨਾਂ ਨਾਸੂਰ ਬਣ ਜਾਂਦੀ ਹੈ। ਅਜਿਹੇ ਜਖਮ ਅੰਦਰੋ ਅੰਦਰੀ ਰਿਸਦੇ ਰਹਿੰਦੇ ਹਨ।

ਪਤਾ ਨਹੀ ਮਨੁੱਖ ਇੱਕ ਛੋਟੀ ਜਿਹੀ ਗੱਲ ਕਿਉਂ ਨਹੀਂ ਸਮਝ ਲੈਂਦਾ। ਕੁਝ ਵੀ ਸਥਾਈ ਨਹੀ ਹੁੰਦਾ। ਜੇ ਕਿਸੇ ਨੇ ਤੁਹਾਡੇ ਨਾਲ ਕੋਈ ਮਾੜੀ ਗੱਲ ਕੀਤੀ ਤਾਂ ਕਦੀ ਕੋਈ ਚੰਗੀ ਵੀ ਕੀਤੀ ਹੋਵੇਗੀ। ਅਸੀਂ ਕਿਸੇ ਦੀ ਕਹੀ ਮਾੜੀ ਗੱਲ ਨੂੰ ਦਿਲ ਵਿੱਚ ਗੰਢ ਦੀ ਤਰ੍ਹਾਂ ਬੰਨ ਲੈਂਦੇ ਹਾਂ। ਉਸ ਨੂੰ ਰੋਜ਼ ਯਾਦ ਕਰਕੇ ਆਪਣੀ ਤਕਲੀਫ ਨੂੰ ਵਧਾਉਂਦੇ ਹਾਂ। ਪਰ ਉਸੇ ਮਨੁੱਖ ਦੀਆਂ ਕੀਤੀਆਂ ਹਜ਼ਾਰਾਂ ਚੰਗੀਆਂ ਗੱਲਾਂ ਅਸੀ ਭੁੱਲ ਜਾਂਦੇ ਹਾਂ। ਸਾਨੂੰ ਇੰਜ ਜਾਪਦਾ ਹੈ ਜਿਵੇਂ ਉਸਨੇ ਕੁਝ ਚੰਗਾ ਸਾਡੇ ਨਾਲ ਕਦੀ ਕੀਤਾ ਹੀ ਨਹੀਂ।

ਕਿਸੇ ਨਾਲ ਬਿਤਾਏ ਖੁਸ਼ੀ ਦੇ ਦੋ ਪਲ ਵੀ ਪੂਰੀ ਉਮਰ ਤੋਂ ਵੱਧ ਹੁੰਦੇ ਹਨ। ਪਰ ਅਸੀ ਉਹਨਾਂ ਦੋ ਪਲਾਂ ਨੂੰ ਭੁੱਲ ਕੇ ਉਸ ਪਲ ਨੂੰ ਯਾਦ ਰੱਖਦੇ ਹਾਂ ਜਿਸ ਪਲ ਵਿੱਚ ਸਾਨੂੰ ਬੁਰਾ ਲੱਗਾ ਹੁੰਦਾ ਹੈ। ਸਾਹਮਣੇ ਵਾਲਾ ਵੀ ਮਨੁੱਖ ਹੈ। ਕਦੀ ਗੁੱਸੇ ਵਿੱਚ ਹੋ ਸਕਦਾ ਹੈ, ਕਦੀ ਪਰੇਸ਼ਾਨ ਹੋ ਸਕਦਾ ਹੈ। ਉਸ ਤੋਂ ਹਮੇਸ਼ਾ ਹੀ ਇਹ ਉਮੀਦ ਕਿਵੇਂ ਕਰੀਏ ਕਿ ਉਹ ਸਹਿਜ ਵਿੱਚ ਰਹੇ। ਜੇਕਰ ਅਸੀਂ ਇਸ ਗੱਲ ਨੂੰ ਸਮਝਦੇ ਹਾਂ ਕਿ ਅਸੀਂ ਹਾਲਾਤ ਦੇ ਮੁਤਾਬਕ ਪ੍ਰਤਿਕਿਰਿਆ ਦਿੰਦੇ ਹਾਂ ਤਾਂ ਸਾਹਮਣੇ ਵਾਲੇ ਤੇ ਵੀ ਇਹੀ ਗੱਲ ਲਾਗੂ ਹੁੰਦੀ ਹੈ।

ਬਹੁਤ ਕੁਝ ਹੈ ਜੋ ਢੋਣਾ ਹੀ ਪੈਂਦਾ ਹੈ ਜ਼ਿੰਦਗੀ ਵਿੱਚ। ਪਰ ਬਹੁਤ ਕੁਝ ਅਜਿਹਾ ਹੀ ਵੀ ਹੈ ਜਿਸ ਨੂੰ ਛੱਡਿਆ ਜਾ ਸਕਦਾ ਹੈ। ਜੇਕਰ ਕਿਸੇ ਦੀ ਕੋਈ ਗੱਲ ਪਸੰਦ ਨਹੀਂ ਆਉਂਦੀ ਤਾਂ ਉਸਨੂੰ ਨਜ਼ਰ ਅੰਦਾਜ਼ ਕਰ ਦਿਓ। ਚੀਜ਼ਾਂ ਨੂੰ ਅਣਡਿੱਠ ਕਰਨਾ ਬਹੁਤ ਜਰੂਰੀ ਹੈ। ਗੱਲ ਨੂੰ ਫੜ੍ਹ ਕੇ ਨਹੀਂ ਬਹਿ ਜਾਣਾ ਚਾਹੀਦਾ। ਅਹਿਮ ਬੰਦੇ ਦਾ ਫਾਇਦਾ ਘੱਟ ਤੇ ਨੁਕਸਾਨ ਜਿਆਦਾ ਕਰਦਾ ਹੈ। ਅਹਿਮ ਇੰਨ੍ਹਾਂ ਹੀ ਹੋਵੇ ਕਿ ਤੁਹਾਡੀ ਅਹਿਮੀਅਤ ਰਹੇ। ਇਨਾ ਵੀ ਅਹਿਮ ਨਾ ਰੱਖੋ ਕਿ ਤੁਹਾਡੀ ਅਹਿਮੀਅਤ ਹੀ ਖਤਮ ਹੋ ਜਾਵੇ। ਰੁਸਿਆਂ ਨੂੰ ਜੇ ਕੋਈ ਮਨਾਵੇ ਤਾਂ ਮੰਨ ਜਾਣਾ ਚਾਹੀਦਾ। ਇਹ ਜ਼ਰੂਰੀ ਨਹੀਂ ਕਿ ਅਗਲਾ ਦੂਜੀ ਵਾਰ ਫਿਰ ਮਨਾਵੇਗਾ। ਫਿਰ ਸਾਡੇ ਹੱਥ ਸਿਰਫ ਪਛਤਾਵਾ ਹੀ ਰਹਿ ਜਾਂਦਾ।

ਅਸੀਂ ਇਸ ਉਮੀਦ ਵਿੱਚ ਬੈਠੇ ਰਹਿੰਦੇ ਕਿ ਸਾਹਮਣੇ ਵਾਲਾ ਸਾਨੂੰ ਮਨਾਵੇਗਾ। ਉਹ ਹੰਭ ਹਾਰ ਕੇ ਇਸ ਗੱਲ ਤੋਂ ਪਿੱਛੇ ਹਟ ਜਾਂਦਾ। ਇਸ ਗੱਲ ਨੂੰ ਹਮੇਸ਼ਾ ਯਾਦ ਰੱਖੋ ਕਿ ਜ਼ਿੰਦਗੀ ਬਾਰ-ਬਾਰ ਮੌਕੇ ਨਹੀ ਦਿੰਦੀ।

ਰੂਠੇ ਸੱਜਣ ਮਨਾਈਏ
ਜੋ ਰੂਠੇ ਸੌ ਬਾਰ
ਰਹਿਮਨ ਫਿਰ ਪੋਈਏ ਟੂਟੇ ਮੁਕਤਾਹਾਰ

ਕਿਸੇ ਰੁੱਸੇ ਨੂੰ ਮਨਾ ਲੈਣ ਨਾਲ ਤੁਸੀ ਛੋਟੇ ਨਹੀਂ ਹੋ ਜਾਵੋਗੇ। ਪਰ ਰੁੱਸੇ ਨੂੰ ਵੀ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਸਨੂੰ ਮਨਾਉਣ ਵਾਲਾ ਕੁਝ ਦੇਰ ਹੀ ਯਤਨ ਕਰੇਗਾ। ਵਕਤ ਰਹਿੰਦੇ ਵਕਤ ਸੰਭਾਲ ਲਓ।

ਰੋਸਿਆਂ ਦੀ ਪੰਡ ਸ਼ਿਕਵਿਆਂ ਦਾ ਬੋਝ ਦਿਲ ਦਿਮਾਗ ਤੇ ਰੱਖ ਕੇ ਜੀਣਾ ਸੌਖਾ ਨਹੀਂ। ਇਹ ਪੰਡ ਸਿਰ ਤੋਂ ਲਾ ਦਿਓ ਸਫ਼ਰ ਸੁਖਾਲਾ ਹੋ ਜਾਵੇਗਾ ਜ਼ਿੰਦਗੀ ਦਾ।

# ਲੋਕ ਮਤਲਬੀ



ਡਾ.ਸੰਦੀਪ ਸਿੰਘ
ਮੁੰਡੇ

ਰੰਗਲੀ ਧਰਤੀ ਦੇ ਲੋਕ ਮਤਲਬੀ,
ਸੁਆਰਥ ਕਾਰਨ ਸਲਾਮਾਂ ਕਰਦੇ ਨੇ।
ਮੇਰਾ ਤੇਰੇ ਬਿਨਾਂ ਨਹੀ ਸਰਦਾ,
ਇਹ ਝੂਠੀ ਹਾਮੀ ਭਰਦੇ ਨੇ।
ਜਿੰਨਾ ਚਿਰ ਲੋੜ ਹੋਵੇ,
ਉਨ੍ਹਾਂ ਚਿਰ ਹਾਂਜੀ-ਹਾਂਜੀ ਕਰਦੇ ਨੇ।
ਦਿਲ ਵਿਚ ਰੱਖ ਵੱਡਾ ਸੁਆਰਥ,
ਮੂੰਹ 'ਤੇ ਮਿੱਠੀਆਂ ਗੱਲਾਂ ਕਰਦੇ ਨੇ।
ਆਪਣਾ ਕੰਮ ਕੱਢਣ ਤੋਂ ਪਿੱਛੋਂ,
ਨਜ਼ਰਾਂ ਮਿਲਾਉਣ ਤੋਂ ਵੀ ਡਰਦੇ ਨੇ।
ਕੁੱਝ ਮੰਜਿਲ ਤੇ ਪਹੁੰਚਣ ਤੋਂ ਪਹਿਲਾਂ ਹੀ,
ਸਹਿਯੋਗੀ ਕਿਰਦਾਰਾਂ ਨੂੰ ਭੰਡਦੇ ਨੇ।
ਜਿੰਨਾ ਮਰਜ਼ੀ ਜੋੜ ਕੇ ਰੱਖੋ,
ਆਖਰ ਨੂੰ ਇਹ ਰਿਸ਼ਤੇ ਟੁੱਟਦੇ ਨੇ।
ਉਂਗਲੀ ਫੜ੍ਹ ਕੇ ਜਿਸਨੇ ਤੁਰਨਾ ਸਿਖਾਇਆ,
ਫਿਰ ਉਸ ਨੂੰ ਹੀ ਰਾਹ ਦਾ ਕੰਢਾ ਦਸਦੇ ਨੇ।
ਮੂੰਹ 'ਤੇ ਪਿਆਰ ਸਤਿਕਾਰ ਜਤਾਉਂਦੇ,
ਪਿੱਠ ਪਿੱਛੇ ਸੱਪਾਂ ਵਾਂਗੂ ਡਸਦੇ ਨੇ।
ਇੱਥੇ ਕੌਣ ਕਿਸੇ ਦਾ ਹੁੰਦਾ ਹੈ,
ਭਰੋਸੇ ਵਾਲੇ ਅਕਸਰ ਧੋਖਾ ਕਰਦੇ ਨੇ।
ਇਸ ਦੁਨੀਆਂ ਵਿੱਚ ਕੋਈ ਪਿਆਰ ਨਹੀ,
ਆਲੇ-ਦੁਆਲੇ ਕੱਚੀਆਂ ਸਾਂਝਾ ਵਾਲੇ ਵਸਦੇ ਨੇ।
'ਮੁੰਡੇ' ਹੁਣ ਤੂੰ ਵੀ ਇੰਨ੍ਹਾਂ ਵਰਗਾ ਬਣਜਾ,
ਇੱਥੇ ਸਭ ਮਤਲਬ ਲਈ ਸਿਫ਼ਤਾਂ ਕਰਦੇ ਨੇ।

# ਨਿਵਾਣਾਂ ਛੋਹਣ ਵਾਲੀ ਰਾਜਨੀਤੀ ਅਤੇ ਵਿਵਾਦਤ ਕਿਹਾ ਜਾਂਦਾ ਭਾਰਤ ਦਾ ਚੋਣ ਕਮਿਸ਼ਨ






ਜਤਿੰਦਰ ਪਨੂੰ

ਇੱਕੀ ਤੋਂ ਸਤਾਈ ਅਪਰੈਲ ਤਕ ਦੇ ਹਫਤੇ ਦੌਰਾਨ ਇੱਕ ਅਸਲੋਂ ਵਿਕੋਲਿਤਰੀ ਘਟਨਾ ਇਹ ਹੋਈ ਕਿ ਭਾਰਤ ਦੇ ਚੋਣ ਕਮਿਸ਼ਨ ਨੇ ਕੁਝ ਸ਼ਿਕਾਇਤਾਂ ਉੱਤੇ ਕਾਰਵਾਈ ਕੀਤੀ, ਪਰ ਇਸ ਤਰ੍ਹਾਂ ਕੀਤੀ ਕਿ ਕੀਤੀ ਹੋਈ ਵੀ ਲੱਗੇ ਅਤੇ ਕਿਸੇ ਵੱਡੇ ਆਦਮੀ ਦਾ ਰਸਤਾ ਕੱਟ ਕੇ ਮੁਸ਼ਕਲ ਵਿੱਚ ਫਸਣ ਤੋਂ ਵੀ ਬਚਣ ਦਾ ਰਾਹ ਕੱਢ ਲਿਆ ਜਾਵੇ। ਸ਼ਿਕਾਇਤ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਖਿਲਾਫ ਸੀ ਅਤੇ ਬਹੁਤ ਸਖਤ ਦੋਸ਼ਾਂ ਵਾਲੀ ਸੀ, ਜਿਸ ਨੂੰ ਵਿਰੋਧੀ ਧਿਰਾਂ ਦੀ ਅਗਵਾਈ ਕਰਦੀ ਮੰਨੀ ਜਾਂਦੀ ਕਾਂਗਰਸ ਪਾਰਟੀ ਦੇ ਸੀਨੀਅਰ ਲੀਡਰ ਰਾਹੁਲ ਗਾਂਧੀ ਦੇ ਖਿਲਾਫ ਇੱਕ ਸ਼ਿਕਾਇਤ ਨਾਲ ਜੋੜਿਆ ਤੇ ਫਿਰ ਦੋਵਾਂ ਨੂੰ ਨੋਟਿਸ ਜਾਰੀ ਕਰਨ ਦੀ ਥਾਂ ਦੋਵਾਂ ਦੀਆਂ ਪਾਰਟੀਆਂ ਦੇ ਮੁਖੀਆਂ ਵੱਲ ਜਾਰੀ ਕਰ ਦਿੱਤਾ ਹੈ। ਇਸ ਦੇਸ਼ ਦੀ ਰਾਜਨੀਤੀ ਵਿੱਚ ਅੱਜ ਤਕ ਕਦੇ ਪਹਿਲਾਂ ਵੀ ਇੱਦਾਂ ਹੋਇਆ ਹੋਵੇ ਕਿ ਜਿਸਦੇ ਖਿਲਾਫ ਦੋਸ਼ ਲੱਗਦੇ ਹਨ, ਉਸ ਨੂੰ ਨੋਟਿਸ ਭੇਜਣ ਦੀ ਥਾਂ ਉਸਦੀ ਪਾਰਟੀ ਨੂੰ ਭੇਜਿਆ ਹੋਵੇ, ਕੋਈ ਮਿਸਾਲ ਇੱਦਾਂ ਦੀ ਕਦੇ ਸੁਣੀ ਨਹੀਂ। ਚੋਣ ਕਮਿਸ਼ਨ ਵਿੱਚ ਬੈਠੇ ਲੋਕ ਇਸ ਹਫਤੇ ਪ੍ਰਧਾਨ ਮੰਤਰੀ ਵਿਰੁੱਧ ਆਈ ਸ਼ਿਕਾਇਤ ਨੂੰ ਅੱਖੋਂ ਪਰੋਖ ਕਰਦੇ ਤਾਂ ਸਾਰੇ ਪਾਸੇ ਭੰਡੀ ਹੋਣੀ ਸੀ ਤੇ ਜੇ ਪ੍ਰਧਾਨ ਮੰਤਰੀ ਨੂੰ ਨੋਟਿਸ ਜਾਰੀ ਕਰਦੇ ਤਾਂ ਭੁਗਤਣਾ ਪੈਣਾ ਸੀ, ਇਸ ਕਾਰਨ ਉਨ੍ਹਾਂ ਨੇ ਨੋਟਿਸ ਵੀ ਜਾਰੀ ਕਰ ਦਿੱਤਾ ਅਤੇ ਸਿੱਧੀ ਮਾਰ ਤੋਂ ਬਚਣ ਦਾ ਰਾਹ ਵੀ ਕੱਢ ਲਿਆ ਜਾਪਦਾ ਹੈ। ਚੋਣ ਕਮਿਸ਼ਨ ਬਾਰੇ ਦੇਸ਼ ਦੇ ਲੋਕਾਂ ਦੀ ਰਾਏ ਉਜ ਵੀ ਇਹੋ ਹੈ ਕਿ ਇਹ ਕਾਗਜ਼ੀ ਸ਼ੇਰ ਹੈ, ਕੁਝ ਕਰਨ ਜੋਗਾ ਨਹੀਂ। ਇਸ ਹਫਤੇ ਇੱਕ ਕਾਰਟੂਨ ਵੀ ਇੱਕ ਅਖਬਾਰ ਨੇ ਇਸ ਬਾਰੇ ਛਾਪਿਆ ਹੈ, ਜਿਹੜਾ ਕਮਿਸ਼ਨ ਦੇ ਮੈਂਬਰਾਂ ਦੀ ਅਸਲ ਹਾਲਤ ਦੱਸਦਾ ਹੈ। ਇਸ ਕਾਰਟੂਨ ਵਿੱਚ ਸ਼ਿਕਾਇਤਾਂ ਦੇ ਢੇਰ ਉੱਤੇ ਬੈਠਾ ਚੋਣ ਕਮਿਸ਼ਨ ਉੱਥੇ ਆਏ ਦੋ ਸ਼ਿਕਾਇਤ ਕਰਤਿਆਂ ਨੂੰ ਕਹਿ ਰਿਹਾ ਹੈ, "ਹਾਲੇ ਤਾਂ ਮੈਂ ਪਿਛਲੀ ਚੋਣਾਂ ਦੀਆਂ ਸ਼ਿਕਾਇਤਾਂ ਹੀ ਵੇਖ ਰਿਹਾ ਹਾਂ, ਤੁਸੀਂ ਓਨੀ ਦੇਰ ਸ਼ਾਂਤੀ ਬਣਾਈ ਰੱਖੋ।" ਕਹਿਣ ਤੋਂ ਭਾਵ ਇਹ ਕਿ ਜਿਹੜੇ ਲੋਕਾਂ ਖਿਲਾਫ ਸ਼ਿਕਾਇਤਾਂ ਹੁੰਦੀਆਂ ਹਨ, ਉਨ੍ਹਾਂ ਆਗੂਆਂ ਵੱਲੋਂ ਜਿੱਤੀ ਹੋਈ ਚੋਣ ਦਾ ਸਮਾਂ ਹੰਢਾ ਕੇ ਘਰੀ ਮੁੜ ਜਾਣ ਤੀਕ ਵੀ ਉਨ੍ਹਾਂ ਦੇ ਖਿਲਾਫ ਸ਼ਿਕਾਇਤਾਂ ਦੀ ਪੁਣਛਾਣ ਮੁਕੰਮਲ ਨਹੀਂ ਹੁੰਦੀ। ਫਿਰ ਤਾਜ਼ਾ ਸ਼ਿਕਾਇਤਾਂ ਕੌਣ ਸੁਣੇਗਾ! ਇਸੇ ਲਈ ਭਾਰਤ ਦੇ ਪ੍ਰਧਾਨ ਮੰਤਰੀ ਖਿਲਾਫ ਆਈਆਂ ਸ਼ਿਕਾਇਤਾਂ ਦਾ ਹਸ਼ਰ ਜੋ ਹੋਇਆ ਹੈ, ਉਸ ਤੋਂ ਵੱਧ ਕੁਝ ਹੋ ਹੀ ਨਹੀਂ ਸੀ ਸਕਦਾ।

ਚੋਣ ਕਮਿਸ਼ਨ ਦੇ ਅਸਲੋਂ ਨਿਕੰਮੇ ਜਾਂ ਦਬਾਅ ਹੇਠ ਹੋਣ ਦਾ ਸਿੱਧਾ ਜਿਹਾ ਅਸਰ ਇਹ ਹੈ ਕਿ ਭਾਰਤੀ ਰਾਜਨੀਤੀ ਦੇ ਪ੍ਰਮੁੱਖ ਆਗੂ ਹਰ ਹੱਦ ਟੱਪ ਜਾਣਾ ਆਪਣਾ ਹੱਕ ਮੰਨਦੇ ਹਨ। ਪਿਛਲੇ ਦਿਨੀਂ ਇੱਕ ਪਾਰਟੀ ਦੀ ਅਗਵਾਈ ਹੇਠ ਚਲਦੀ ਸਰਕਾਰ ਵੱਲੋਂ ਜਾਰੀ ਕੀਤੇ ਹੋਏ ਸਰਕਾਰੀ ਕੰਮ ਦੱਸਣ ਬਹਾਨੇ ਉਸ ਪਾਰਟੀ ਦੀ ਪ੍ਰਚਾਰ ਵਾਲੀ ਇੱਕ ਛੋਟੀ ਜਿਹੀ ਵੰਨਗੀ ਮੀਡੀਆ ਵਿੱਚ ਆ ਗਈ। ਕਿਸੇ ਸਮਾਜੀ ਸਮਾਗਮ ਵਿੱਚ ਅਚਾਨਕ ਮਿਲੇ ਇੱਕ ਹਲਕੇ ਦੇ ਚੋਣ ਅਫਸਰ ਨਾਲ ਇਸ ਬਾਰੇ ਗੱਲ ਚੱਲ ਪਈ ਕਿ ਇੱਦਾਂ ਕਰਨ ਦੀ ਆਗਿਆ ਹੈ ਜਾਂ ਇਹ ਉਲੰਘਣਾ ਮੰਨੀ ਜਾਵੇਗੀ! ਉਨ੍ਹਾਂ ਨੇ ਕਿਹਾ ਕਿ 'ਜਦੋਂ ਸਰਕਾਰ ਸਿਰਫ ਕੁਝ ਹਦਾਇਤਾਂ ਜਾਂ ਸੂਚਨਾਵਾਂ ਆਮ ਲੋਕਾਂ ਲਈ ਜਾਰੀ ਕਰਦੀ ਹੈ ਤਾਂ ਕੋਈ ਪਾਬੰਦੀ ਨਹੀਂ, ਪਰ ਤੁਸੀਂ ਜਿਸ ਬਾਰੇ ਗੱਲ ਕਰਦੇ ਹੋ, ਉਸ ਵਿੱਚ ਸਰਕਾਰੀ ਖਰਚ ਉੱਤੇ ਇਹ ਕਿਹਾ ਗਿਆ ਹੈ ਕਿ ਇਸ ਸਰਕਾਰ ਨੇ ਆਪਣੇ ਲੋਕਾਂ ਲਈ ਆਹ ਕੰਮ ਕੀਤੇ ਹਨ, ਇਸ ਸਰਕਾਰੀ ਪ੍ਰਚਾਰ ਨਾਲ ਸਮੁੱਚੀ ਚੋਣ ਵੀ ਪ੍ਰਭਾਵਤ ਹੋ ਸਕਦੀ ਹੈ। ਇਸ ਕਾਰਨ ਇਸ ਕਿਸਮ ਦੀ ਇਸ਼ਤਿਹਾਰਬਾਜ਼ੀ ਗਲਤ ਹੈ, ਪਰ ਇਸ ਹਰਕਤ ਵਾਸਤੇ ਸਰਕਾਰੀ ਧਿਰ ਨੂੰ ਸਿਰਫ ਝਿੜਕ ਪੈਣੀ ਹੈ, ਇਸ ਡੱਬੀ ਵਾਸਤੇ ਖਰਚ ਹੋਏ ਪੈਸੇ ਸੰਬੰਧਤ ਪਾਰਟੀ ਦੇ ਖਰਚ ਵਿੱਚ ਜੋੜੇ ਜਾ ਸਕਦੇ ਹਨ, ਚੋਣ ਲੜਦੇ ਉਮੀਦਵਾਰ ਨੂੰ ਫਰਕ ਨਹੀਂ ਪੈਂਦਾ। ਉਮੀਦਵਾਰ ਬਚ ਰਹਿਣਾ ਚਾਹੀਦਾ ਹੈ, ਕਿਉਂਕਿ ਉਸ ਲਈ ਖਰਚ ਦੀ ਹੱਦ ਹੈ, ਪਾਰਟੀ ਜਿੰਨਾ ਮਰਜ਼ੀ ਖਰਚ ਕਰ ਸਕਦੀ ਹੈ।' ਇਹ ਗੱਲ ਕਿੰਨੀ ਠੀਕ ਹੈ, ਸਾਨੂੰ ਪੂਰਾ ਨਹੀਂ ਪਤਾ ਪਰ ਇੱਕ ਗੱਲ ਸਾਫ ਹੈ ਕਿ ਰਾਜ ਕਰਦੀ ਪਾਰਟੀ ਕੇਂਦਰ ਵਾਲੀ ਹੋਵੇ ਜਾਂ ਕਿਸੇ ਰਾਜ ਦੀ, ਉਸ ਕੋਲ ਕਈ ਤਰ੍ਹਾਂ ਦੀਆਂ ਘੁੰਡੀਆਂ ਰਾਹੀਂ ਆਪਣੀ ਗੱਲ ਸਰਕਾਰੀ ਖਰਚ ਉੱਤੇ ਕਹਿਣ ਦੇ ਰਸਤੇ ਭਾਰਤ ਦੇ ਕਾਨੂੰਨਾਂ ਵਿੱਚ ਬਹੁਤ ਸਾਰੇ ਮੌਜੂਦ ਹਨ, ਪਾਬੰਦੀਆਂ ਦਾ ਸਿਰਫ ਵਿਖਾਵਾ ਜਿਹਾ ਹੈ।

ਦੂਸਰੀ ਗੱਲ ਇਹ ਕਿ ਰਾਜ ਕਰਦੀਆਂ ਪਾਰਟੀਆਂ ਕੋਲ ਸੁਰੱਖਿਆ ਦੇ ਨਾਂਅ ਉੱਤੇ ਆਪਣੀ ਪਸੰਦ ਦੇ ਬੰਦੇ ਵਾਸਤੇ ਸਾਰੇ ਪ੍ਰਬੰਧ ਕਰਨ ਅਤੇ ਚੋਣਾਂ ਦੌਰਾਨ ਕਰੀ ਰੱਖਣ ਜਾਂ ਜੇ ਉਹ ਸਾਥ ਛੱਡ ਜਾਵੇ ਤਾਂ ਰਾਤੋ-ਰਾਤ ਉਸ ਬੰਦੇ ਨੂੰ 'ਖਤਰਾ ਕੋਈ ਨਹੀਂ' ਕਹਿ ਕੇ ਨਿਹੱਥਾ ਕਰਨ ਦੇ ਤਰੀਕੇ ਵੀ ਹੁੰਦੇ ਹਨ। ਪਿਛਲੇ ਸਾਲਾਂ ਵਿੱਚ ਭਾਰਤ ਦੀ ਮੌਜੂਦਾ ਸਰਕਾਰ ਨੇ ਇਸਦੀ ਹੱਦੋਂ ਵੱਧ ਦੁਰਵਰਤੋਂ ਕੀਤੀ ਹੈ। ਮਿਸਾਲ ਵਜੋਂ ਅਖਿਲੇਸ਼ ਸਿੰਘ ਯਾਦਵ ਦਾ ਚਾਚਾ ਰੁੱਸ ਕੇ ਭਾਜਪਾ ਨਾਲ ਜਾ ਰਲਿਆ ਤਾਂ ਰਾਤੋ-ਰਾਤ ਉਸ ਲਈ ਵਾਈ ਕੈਟੇਗਰੀ ਸੁਰੱਖਿਆ ਮਨਜ਼ੂਰ ਹੋ ਗਈ, ਪਰ ਜਦੋਂ ਉਹ ਫਿਰ ਆਪਣੇ ਭਤੀਜੇ ਨਾਲ ਜਾ ਜੁੜਿਆ ਤਾਂ ਉਸ ਦੀ ਕੇਂਦਰੀ ਸਕਿਓਰਟੀ ਵਾਪਸ ਲੈ ਲਈ ਗਈ। ਪਹਿਲਾਂ ਇੱਦਾਂ ਦੀ ਸਕਿਓਰਟੀ ਦੇਣ 'ਤੇ ਉਸ ਬੰਦੇ ਦੀ ਬੋਲੀ ਬਦਲਦੇ ਸਾਰ ਸਕਿਓਰਟੀ ਵਾਪਸ ਲੈਣ ਦਾ ਕੰਮ ਪੰਜਾਬ ਦੀਆਂ ਦੋ ਸਰਕਾਰਾਂ ਵੇਲੇ ਵੀ ਬਹੁਤ ਵਾਰੀ ਹੁੰਦਾ ਵੇਖਿਆ ਗਿਆ ਸੀ। ਇੱਦਾਂ ਹੀ ਹੋਰ ਰਾਜਾਂ ਵਿੱਚ ਹੋਈ ਜਾਂਦਾ ਹੈ। ਕਈ ਵਾਰ ਕੋਰਟਾਂ ਤਕ ਵੀ ਇਸ ਤਰ੍ਹਾਂ ਦੇ ਮਸਲੇ ਜਾਂਦੇ ਵੇਖੇ ਗਏ ਸਨ। ਬੰਦਾ ਪਹੁੰਚ ਵਾਲਾ ਹੋਵੇ ਤਾਂ ਅਗਲੇ ਦਿਨ ਉੱਥੇ ਅਦਾਲਤ ਦੇ ਹੁਕਮ ਆ ਜਾਂਦੇ ਹਨ ਕਿ ਇਸਦੀ ਸਕਿਓਰਟੀ ਬਹਾਲ ਕੀਤੀ ਜਾਵੇ ਤੇ ਜੇ ਉਸ ਦੀ ਵੱਡੀ ਪਹੁੰਚ ਨਹੀਂ ਤਾਂ ਉਸ ਦੀ ਬੇਨਤੀ ਦਾ ਫੈਸਲਾ ਕਰਨ ਵਿੱਚ ਜੱਜ ਸਾਹਿਬਾਨ ਕਈ ਵਾਰੀ ਹਫਤਿਆਂ ਤੋਂ ਟੱਪ ਕੇ ਮਹੀਨਿਆਂ ਤਕ ਸਮਾਂ ਲਾ ਦਿੰਦੇ ਹਨ। ਸੰਬੰਧਤ ਬੰਦਾ ਰਾਜ ਕਰਦੀ ਪਾਰਟੀ ਦੇ ਨਾਲ ਸੰਬੰਧਤ ਹੈ ਜਾਂ ਨਹੀਂ, ਇਸਦਾ ਅਸਰ ਹਰ ਪੜਾਅ ਉੱਤੇ ਪੈਂਦਾ ਦਿਸ ਜਾਂਦਾ ਹੈ। ਫਿਰ ਵੀ ਚੋਣ ਕਮਿਸ਼ਨ ਤੋਂ ਇਹ ਆਸ ਰੱਖੀ ਜਾਂਦੀ ਹੈ ਕਿ ਉਹ ਅੱਗੋਂ-ਪਿੱਛੇ ਭਾਵੇਂ ਨਾ ਸਹੀ, ਚੋਣਾਂ ਦੇ ਦਿਨਾਂ ਵਿੱਚ ਇਹੋ ਜਿਹੇ ਕੇਸਾਂ ਦੀ ਸ਼ਿਕਾਇਤ ਆਵੇ ਤਾਂ ਦਖਲ ਦੇਵੇ, ਪਰ ਨਾ ਰਾਜਾਂ ਵਿੱਚ ਹੀ ਅਤੇ ਨਾ ਕੇਂਦਰ ਵਿੱਚ ਉਹ ਕਦੇ ਖਾਸ ਦਖਲ ਦਿੰਦਾ ਵੇਖਿਆ ਗਿਆ ਹੈ।

ਗੱਲ ਫਿਰ ਪਹਿਲੇ ਨੁਕਤੇ ਉੱਤੇ ਆ ਜਾਂਦੀ ਹੈ ਕਿ ਚੋਣ ਕਮਿਸ਼ਨ ਵਿੱਚ ਕਈ ਜਾਇਜ਼ ਸ਼ਿਕਾਇਤਾਂ ਵੀ ਸਾਲਾਂ ਬੱਧੀ ਪਈਆਂ ਰਹਿੰਦੀਆਂ ਹਨ ਤੇ ਉਨ੍ਹਾਂ ਉੱਤੇ ਕਾਰਵਾਈ ਨਾ ਹੋਣ ਦਾ ਕਾਰਨ ਲੋਕਾਂ ਨੂੰ ਇਹ ਦਿਸਦਾ ਹੈ ਕਿ ਸੰਬੰਧਤ ਰਾਜਸੀ ਆਗੂ ਦੀ ਵੱਡੀ ਰਾਜਸੀ ਹਸਤੀ ਹੋਣ ਕਾਰਨ ਚੋਣ ਕਮਿਸ਼ਨ ਚੁੱਪ ਰਹਿਣਾ ਠੀਕ ਸਮਝਦਾ ਹੈ। ਮਿਸਾਲ ਵਜੋਂ ਦਸ ਕੁ ਸਾਲ ਪਹਿਲਾਂ ਬਿਹਾਰ ਦਾ ਇੱਕ ਆਗੂ ਚੋਣ ਜਿੱਤ ਗਿਆ। ਉਸ ਚੋਣ ਦੌਰਾਨ ਇੱਕ ਵਿਅਕਤੀ ਥਰੀ-ਵ੍ਹੀਲਰ ਉੱਤੇ ਇੱਕ ਬਕਸੇ ਵਿੱਚ ਕਰੋੜਾਂ ਰੁਪਏ ਲਈ ਜਾਂਦਾ ਫਸ ਗਿਆ। ਚੋਣ ਜ਼ਾਬਤਾ ਲੱਗਾ ਹੋਣ ਕਾਰਨ ਦੂਸਰੇ ਰਾਜ ਤੋਂ ਆਏ ਅਬਜ਼ਰਵਰ ਸਿਰ ਉੱਤੇ ਖੜ੍ਹੇ ਵੇਖ ਕੇ ਜਾਂਚ ਸ਼ੁਰੂ ਹੋ ਗਈ। ਉਸ ਬੰਦੇ ਨੇ ਉਸ ਆਗੂ ਦਾ ਨਾਂਅ ਲੈ ਦਿੱਤਾ ਕਿ ਉਸ ਦੇ ਪੈਸੇ ਹਨ। ਲੀਡਰ ਦਾ ਇਹ ਬਿਆਨ ਆ ਗਿਆ ਕਿ ਇਹ ਪੈਸੇ ਖੁਦ ਉਸ ਦੇ ਨਹੀਂ, ਉਸ ਦੇ ਕਾਰੋਬਾਰ ਕਰਨ ਵਾਲੇ ਭਰਾ ਦੇ ਹਨ ਤੇ ਸਾਡਾ ਬੰਦਾ ਗਲਤੀ ਨਾਲ ਲੀਡਰ ਦਾ ਨਾਂਅ ਦੱਸੀ ਜਾ ਰਿਹਾ ਹੈ। ਕਾਰੋਬਾਰੀ ਭਰਾ ਨੇ ਆਪਣੇ ਆਪ ਨੂੰ ਫਸਦਾ ਵੇਖ ਕੇ ਝੱਟ ਇਹ ਕਹਿ ਦਿੱਤਾ ਕਿ ਨਾ ਉਹ ਬੰਦਾ ਉਸ ਕੋਲ ਪੈਸੇ ਲੈਣ ਆਇਆ ਸੀ, ਨਾ ਉਸ ਵੱਲ ਆਉਣ ਲੱਗਾ ਸੀ ਤੇ ਨਾ ਉਹ ਨਕਦੀ ਵਾਲਾ ਇਹੋ ਜਿਹਾ ਕੋਈ ਕਾਰੋਬਾਰ ਕਰਦਾ ਹੈ। ਕਾਰੋਬਾਰ ਆਨਲਾਈਨ ਕਰਨ ਕਰ ਕੇ ਉਸ ਕੋਲ ਨਕਦ ਇੰਨੇ ਪੈਸੇ ਕਦੀ ਨਹੀਂ ਹੁੰਦੇ। ਭਰਾ ਦੇ ਇਸ ਬਿਆਨ ਨਾਲ ਉਹ ਆਗੂ ਫਸ ਗਿਆ, ਪਰ ਉਹ ਕੇਂਦਰੀ ਮੰਤਰੀ ਬਣ ਗਿਆ ਤਾਂ ਫੜੇ ਪੈਸਿਆਂ ਵਾਲੇ ਬੈਗ ਜਾਂ ਬੈਗ ਲੈ ਕੇ ਜਾਂਦੇ ਫੜੇ ਗਏ ਉਸ ਬੰਦੇ ਦਾ ਕੀ ਬਣਿਆ, ਇਸਦੀ ਕੋਈ ਖਬਰ ਹੀ ਕਦੇ ਕਿਸੇ ਨਹੀਂ ਸੁਣੀ। ਉਹ ਲੀਡਰ ਦਸ ਸਾਲ ਕੇਂਦਰੀ ਮੰਤਰੀ ਰਹਿਣ ਮਗਰੋਂ ਇਨ੍ਹਾਂ ਚੋਣਾਂ ਵਿੱਚ ਫਿਰ ਉਮੀਦਵਾਰ ਹੈ ਅਤੇ ਉਸ ਦੇ ਆਪਣੇ ਚਾਲੇ ਅਤੇ ਬਿਆਨ ਵੀ ਲਗਾਤਾਰ ਚਰਚਾ ਵਿੱਚ ਆਉਂਦੇ ਰਹੇ, ਪਰ ਉਸ ਦੇ ਪਿੱਛੇ ਕੇਂਦਰ ਸਰਕਾਰ ਦੀ ਕਮਾਂਡ ਸਾਂਭਣ ਵਾਲਾ ਵੱਡਾ ਆਗੂ ਖੜ੍ਹਾ ਹੋਣ ਕਰ ਕੇ ਕਿਸੇ ਨੇ ਕਦੇ ਉਸ ਦਾ ਕੇਸ ਫੋਲਿਆ ਨਹੀਂ। ਇੱਦਾਂ ਦੇ ਕਿੰਨੇ ਸਾਰੇ ਕੇਸ ਹੋਰ ਗਿਣਾਏ ਜਾ ਸਕਦੇ ਹਨ, ਜਿਨ੍ਹਾਂ ਦਾ ਨਿਬੇੜਾ ਚੋਣ ਕਮਿਸ਼ਨ ਨੇ ਜਾਂ ਤਾਂ ਕੀਤਾ ਨਹੀਂ ਜਾਂ ਫਿਰ ਸਿਰਫ ਜੱਗ-ਵਿਖਾਵਾ ਕੀਤਾ ਹੈ।

ਜੱਗ-ਵਿਖਾਵਾ ਕਰਨ ਦੀ ਕਹਾਣੀ ਇੱਦਾਂ ਦੀ ਹੈ ਕਿ ਕਿਸੇ ਦੇ ਖਿਲਾਫ ਸ਼ਿਕਾਇਤ ਆਈ ਤਾਂ ਪਹਿਲੀ ਕੋਸ਼ਿਸ਼ ਹੁੰਦੀ ਹੈ ਕਿ ਕੁਝ ਕਰਨਾ ਨਾ ਪਵੇ, ਪਰ ਜੇ ਜ਼ਿਆਦਾ ਰੌਲਾ ਪਵੇ ਤਾਂ ਨਿਗੂਣੀ ਜਿਹੀ ਕਾਰਵਾਈ ਕਰ ਦਿੱਤੀ ਜਾਵੇ। ਇਹੋ ਜਿਹੀ ਇੱਕ ਵੱਡੀ ਮਿਸਾਲ ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਤੋਂ ਜਿੱਤੀ ਹੋਈ ਭਾਜਪਾ ਪਾਰਲੀਮੈਂਟ ਮੈਂਬਰ ਸਾਧਵੀ ਪ੍ਰਗਿਆ ਠਾਕਰ ਦੀ ਸਭ ਦੇ ਸਾਹਮਣੇ ਹੈ। ਉਸ ਨੇ ਕਈ ਲੋਕਾਂ ਦੇ ਖਿਲਾਫ ਕਈ ਕੁਝ ਬੋਲਿਆ ਹੈ। ਮੁੰਬਈ ਵਿੱਚ ਸਭ ਤੋਂ ਵੱਡੇ ਅੱਤਵਾਦੀ ਹਮਲੇ ਵਿੱਚ ਅਪਰਾਧੀਆਂ ਨਾਲ ਲੜਦਿਆਂ ਮਾਰੇ ਗਏ ਪੁਲਿਸ ਅਫਸਰ ਹੇਮੰਤ ਕਰਕਰੇ ਦੀ ਸ਼ਲਾਘਾ ਹਰ ਕੋਈ ਕਰ ਰਿਹਾ ਸੀ, ਉਸ ਨੂੰ ਭਾਰਤ ਦਾ ਅਮਨ ਦੇ ਦਿਨਾਂ ਦਾ ਸਭ ਤੋਂ ਵੱਡਾ ਬਹਾਦਰੀ ਸਨਮਾਨ ਅਸ਼ੋਕ ਚੱਕਰ ਦਿੱਤਾ ਗਿਆ। ਲੋਕ ਸਭਾ ਚੋਣਾਂ ਵਿੱਚ ਜਦੋਂ ਸਾਧਵੀ ਪ੍ਰਗਿਆ ਪਾਰਲੀਮੈਂਟ ਮੈਂਬਰ ਬਣੀ ਤਾਂ ਉਸ ਨੇ ਕਿਹਾ ਕਿ ਹੇਮੰਤ ਕਰਕਰੇ ਨੇ ਬੰਬ ਧਮਾਕਾ ਕੇਸ ਵਿੱਚ ਕਿਉਂਕਿ ਮੇਰੇ ਖਿਲਾਫ ਕਾਰਵਾਈ ਕੀਤੀ ਸੀ, ਇਸ ਕਾਰਨ ਉਸ ਦੀ ਮੌਤ ਮੇਰੇ ਸਰਾਪ ਨਾਲ ਹੋਈ ਹੈ। ਭਾਜਪਾ ਦਾ ਇੱਕ ਵੀ ਆਗੂ ਉਸ ਸਾਧਵੀ ਦੇ ਖਿਲਾਫ ਨਹੀਂ ਬੋਲ ਸਕਿਆ ਤੇ ਜਿਹੜੇ ਹੇਮੰਤ ਕਰਕਰੇ ਦੇ ਪੱਖ ਵਿੱਚ ਉਹ ਲੋਕ ਬੋਲਦੇ ਰਹੇ ਸਨ, ਉਸ ਲਈ ਵੀ ਦੋ ਸ਼ਬਦ ਹਮਦਰਦੀ ਜਾਂ ਸਤਿਕਾਰ ਦੇ ਨਹੀਂ ਸਨ ਨਿਕਲੇ। ਫਿਰ ਸਾਧਵੀ ਪ੍ਰਗਿਆ ਨੇ ਮਹਾਤਮਾ ਗਾਂਧੀ ਦੇ ਖਿਲਾਫ ਕਈ ਕੁਝ ਕਹਿ ਦਿੱਤਾ ਤਾਂ ਕੇਸ ਚੋਣ ਕਮਿਸ਼ਨ ਨੂੰ ਪਹੁੰਚ ਗਿਆ। ਇਸ ਬਾਰੇ ਦੇਸ਼ ਵਿੱਚ ਦੁਹਾਈ ਪੈਣ ਪਿੱਛੋਂ ਕਾਰਵਾਈ ਕਰਨੀ ਪੈ ਗਈ। ਚੋਣ ਕਮਿਸ਼ਨ ਨੇ ਕਾਰਵਾਈ ਦੇ ਨਾਂਅ ਉੱਤੇ ਸਿਰਫ ਇਹ ਹੁਕਮ ਦੇ ਕੇ ਵਕਤ ਸਾਰ ਲਿਆ ਕਿ ਸਾਧਵੀ ਪ੍ਰਗਿਆ ਉੱਤੇ ਦੋ ਦਿਨ ਚੋਣ ਪ੍ਰਚਾਰ ਦੀ ਪਾਬੰਦੀ ਲਾਈ ਜਾਂਦੀ ਹੈ। ਉਸ ਨੇ ਹੁਕਮ ਦੀ ਪਾਲਣਾ ਕਰਨ ਲਈ ਦੋ ਦਿਨ ਚੋਣ ਪ੍ਰਚਾਰ ਬੇਸ਼ਕ ਨਹੀਂ ਸੀ ਕੀਤਾ, ਪਰ ਦੋਵੇਂ ਦਿਨ ਉਹ ਵੱਖ-ਵੱਖ ਧਰਮ ਅਸਥਾਨਾਂ ਵਿੱਚ ਜਾਂਦੀ ਅਤੇ ਉੱਥੇ ਉਸ ਦੇ ਸਵਾਗਤ ਲਈ ਉਚੇਚੀ ਲਿਆਂਦੀ ਗਈ ਭੀੜ ਵੱਲ ਹੱਥ ਜੋੜ ਕੇ ਸਿਰ ਹਿਲਾ ਕੇ ਬਿਨਾਂ ਬੋਲੇ ਆਪਣਾ ਪ੍ਰਚਾਰ ਕਰੀ ਜਾਂਦੀ ਸੀ। ਚੋਣ ਕਮਿਸ਼ਨ ਇਸ ਤਰ੍ਹਾਂ ਦੀ ਚੁਸਤ ਰਾਜਨੀਤੀ ਦੇ ਖਿਲਾਫ ਵੀ ਕੁਝ ਨਹੀਂ ਸੀ ਕਰ ਸਕਿਆ।

ਫਿਰ ਵੀ ਜਿਹੜੇ ਨੀਵੇਂ ਪੱਧਰ ਦੀ ਅਤੇ ਜਿੰਨੀ ਫਿਰਕੂ ਕਿਸਮ ਦੀ ਭਾਸ਼ਣਬਾਜ਼ੀ ਇਸ ਵਾਰੀ ਕੇਂਦਰ ਸਰਕਾਰ ਚਲਾ ਰਹੀ ਪਾਰਟੀ ਦੇ ਮੋਹਰੀ ਆਗੂਆਂ ਵੱਲੋਂ ਕੀਤੀ ਜਾ ਰਹੀ ਹੈ, ਇਸ ਬਾਰੇ ਕਿਸੇ ਤਰ੍ਹਾਂ ਕੋਈ ਕਾਰਵਾਈ ਨਾ ਕੀਤੇ ਜਾਣਾ ਹਰ ਕਿਸੇ ਦੀ ਜ਼ਬਾਨ ਉੱਤੇ ਹੈ। ਜਦੋਂ ਇਸਦੀ ਹਰ ਪਾਸੇ ਚਰਚਾ ਚੱਲਣ ਲੱਗੀ ਤਾਂ ਚੋਣ ਕਮਿਸ਼ਨ ਨੇ ਉਸ ਪਾਰਟੀ ਦੇ ਪ੍ਰਧਾਨ ਨੂੰ ਨੋਟਿਸ ਦੇ ਦਿੱਤਾ ਕਿ ਤੁਹਾਡੇ ਲੀਡਰ ਆਹ ਕੁਝ ਬੋਲਣ ਕਰ ਕੇ ਠੀਕ ਨਹੀਂ ਕਰਦੇ। ਪ੍ਰਧਾਨ ਮੰਤਰੀ ਦੇ ਖਿਲਾਫ ਸਿੱਧੀ ਕਾਰਵਾਈ ਕਰਨ ਦੀ ਥਾਂ ਵਲਾਵਾਂ ਪਾ ਕੇ ਕਾਰਵਾਈ ਕਰਨ 'ਤੇ ਸੰਬੰਧਤ ਪਾਰਟੀ ਦੇ ਪ੍ਰਧਾਨ ਵੱਲ ਨੋਟਿਸ ਭੇਜ ਦੇਣ ਪਿੱਛੋਂ ਚੋਣ ਕਮਿਸ਼ਨ ਵਿੱਚ ਬੈਠਿਆਂ ਨੂੰ ਕਾਂਬਾ ਛਿੜਿਆ ਹੋਵੇਗਾ, ਉਨ੍ਹਾਂ ਨੇ ਵਿਰੋਧੀ ਧਿਰ ਦੀ ਮੁੱਖ ਪਾਰਟੀ ਦੀ ਲੀਡਰਸ਼ਿੱਪ ਵੱਲ ਵੀ ਬਰਾਬਰ ਦਾ ਨੋਟਿਸ ਕੱਢ ਦਿੱਤਾ ਕਿ ਤੁਹਾਡਾ ਰਾਹੁਲ ਗਾਂਧੀ ਵੀ ਆਹ ਕੁਝ ਕਰ ਰਿਹਾ ਹੈ। ਜੇ ਰਾਜ ਕਰਦੀ ਪਾਰਟੀ ਦੇ ਮੋਹਰੀ ਆਗੂਆਂ ਦੇ ਖਿਲਾਫ ਸ਼ਿਕਾਇਤ ਨਾ ਹੁੰਦੀ ਤਾਂ ਰਾਹੁਲ ਗਾਂਧੀ ਵਿਰੁੱਧ ਨੋਟਿਸ ਉਸ ਦੀ ਪਾਰਟੀ ਨੂੰ ਨਹੀਂ, ਰਾਹੁਲ ਗਾਂਧੀ ਨੂੰ ਸਿੱਧਾ ਭੇਜਿਆ ਜਾਣਾ ਸੀ, ਪਰ ਸਥਿਤੀ ਦਾ ਸੰਤੁਲਨ ਰੱਖਣ ਲਈ ਚੋਣ ਕਮਿਸ਼ਨ ਵਿੱਚ ਬੈਠੇ ਅਧਿਕਾਰੀਆਂ ਨੇ ਉਸ ਨੂੰ ਨਾਲ ਨੱਥੀ ਕੀਤਾ ਅਤੇ 'ਦੋਵਾਂ ਧਿਰਾਂ ਲਈ ਇੱਕੋ ਜਿਹਾ' ਗਜ਼ ਵਰਤਣ ਦੀ ਹਾਲਤ ਬਣਾ ਧਰੀ ਹੈ।

ਇਸ ਸਾਰੇ ਕੁਝ ਵਿੱਚੋਂ ਦੋ ਗੱਲਾਂ ਸਾਫ ਦਿਸਦੀਆਂ ਹਨ। ਇੱਕ ਤਾਂ ਇਹ ਕਿ ਭਾਰਤੀ ਰਾਜਨੀਤੀ ਜਿੰਨੀਆਂ ਨਿਵਾਣਾਂ ਇਸ ਵਾਰ ਛੋਹ ਗਈ ਹੈ, ਓਨੀਆਂ ਪਹਿਲਾਂ ਕਦੇ ਨਹੀਂ ਸੀ ਛੋਹੀਆਂ। ਦੂਸਰੀ ਇਹ ਕਿ ਭਾਰਤ ਦਾ ਚੋਣ ਕਮਿਸ਼ਨ ਬਹੁਤਾ ਕਾਰਜਸ਼ੀਲ ਸਿਰਫ ਉਦੋਂ ਹੁੰਦਾ ਸੀ, ਜਦੋਂ ਟੀ ਐੱਨ ਸੇਸ਼ਨ ਵਰਗਾ ਚੋਣ ਕਮਿਸ਼ਨਰ ਉੱਥੇ ਬੈਠਦਾ ਸੀ। ਉਸ ਦੌਰ ਬਿਨਾਂ ਕਿਸੇ ਕੰਮ ਦਾ ਕਦੇ ਵੀ ਨਹੀਂ ਸੀ ਗਿਣਿਆ ਗਿਆ, ਪਰ ਜਿਸ ਹੱਦ ਤਕ ਚਰਚਾ ਦਾ ਕੇਂਦਰ ਇਸ ਵਾਰੀ ਹੈ, ਓਨਾ ਇਹ ਕਦੇ ਨਹੀਂ ਸੀ ਸੋਚਿਆ ਗਿਆ। ਇੰਨਾ ਵਿਵਾਦਤ ਮੰਨਿਆ ਜਾਂਦਾ ਚੋਣ ਕਮਿਸ਼ਨ ਜੇ ਦੇਸ਼ ਦੇ ਪੱਲੇ ਪੈ ਗਿਆ ਹੋਵੇ ਤਾਂ ਉਸ ਦੀ ਅਗਵਾਈ ਹੇਠ ਜਿੱਦਾਂ ਦੀ ਚੋਣ ਹੋ ਸਕਦੀ ਹੈ, ਉਹ ਹੋਈ ਜਾ ਰਹੀ ਹੈ।

## ਪਥੇਰ

ਮੈਂ ਪਥੇਰ, ਹਾਂ ਜੀ ਪਥੇਰ, ਮੈਂ ਪਥੇਰ
ਮੇਰੇ ਆਸੇ ਪਾਸੇ ਨੇ ਬੱਸ ਮਿੱਟੀ ਦੇ ਢੇਰ
ਕੱਠੀ ਕਰਾਂ ਮਿੱਟੀ ਤੇ ਗੁੰਨਾਂ ਅਰਮਾਨ
ਸੁੱਖ ਰੱਖਣ ਜੇ ਕਿੱਧਰੇ ਮੀਂਹ, ਨ੍ਹੇਰੀ, ਤੂਫ਼ਾਨ
ਜੋ ਸਾਂਚੇ 'ਚ ਭਰਕੇ ਮੈਂ ਮਿੱਟੀ ਸਜਾਈ
ਅੰਦਰ ਮੇਰਾ ਖ਼ਾਲੀ ਜੋ ਦਿੰਦਾ ਦੁਹਾਈ
ਧਰਤੀ ਤੇ ਜਦ ਮੈਂ ਉਲੱਦਾਂ ਉਹ ਸਾਰੇ
ਬੜੇ ਸੋਹਣੇ ਮੈਨੂੰ ਇਹ ਲੱਗਦੇ ਨਜ਼ਾਰੇ
ਮੈਂ ਮਿੱਟੀ ਭਰਾਂ ਤੇ ਉਲੱਦਦਾ ਹੀ ਜਾਵਾਂ
ਨਾਲੋਂ ਨਾਲ ਸੋਹਣੇ ਜਿਹੇ ਸੁਪਨੇ ਸਜ਼ਾਵਾਂ
ਮੇਰੀ ਕੁੱਲੀ ਕੱਚੀ ਤੇ ਛੱਤ ਟੀਨ ਵਾਲੀ
ਮੈਂ ਘੜਦਾ ਹਾਂ ਇੱਟਾਂ, ਮੁਸ਼ੱਕਤ ਹੈ ਭਾਰੀ

ਮੇਰਾ ਮਨ ਵੀ ਚਾਹੁੰਦਾ ਹੈ ਅੰਬਰੀ ਉਡਾਰੀ
ਖੰਭਾਂ ਨੂੰ ਪਸਾਰਾਂ ਲਾਵਾਂ ਇੱਕ ਤਾਰੀ
ਕਿਤੇ ਬਹਿ ਕੇ ਦਫ਼ਤਰ ਹੁਕਮ ਮੈਂ ਚਲਾਵਾਂ
ਮਾਨਾਂ ਮੈਂ ਵੀ ਏ ਸੀ ਦੀਆਂ ਠੰਡੀਆਂ ਹਵਾਵਾਂ
ਅੱਗੇ ਪਿੱਛੇ ਕਈ ਕਰਦੇ ਫਿਰਨ ਜੀ ਹਜ਼ੂਰੀ
ਕਦੇ ਹੁਕਮ ਝਾੜਾਂ ਮੈਂ ਕਦੇ ਵੱਟਾਂ ਘੂਰੀ
ਮੈਂ ਜਿੱਧਰ ਵੀ ਜਾਵਾਂ, ਸਲੂਟਾਂ ਵੀ ਵੱਜਣ
ਮਹਿਫ਼ਲ 'ਚ ਸਾਰੀ ਮੇਰੇ ਡੰਕੇ ਗੱਜਣ
ਕਲਮ ਚੱਲੇ ਮੇਰੀ ਹੁਕਮ ਚੱਲੇ ਮੇਰਾ
ਮਹਿਕ ਨਾਲ ਮੇਰੀ ਇਹ ਮਹਿਕੇ ਚੁਫ਼ੇਰਾ
ਕਰ ਕੇ ਹਕੂਮਤ ਜਦੋਂ ਘਰ ਮੈਂ ਆਵਾਂ
ਪੂਰੀ ਕਾਇਨਾਤ ਦਾ ਸੁੱਖ ਝੋਲੀ ਪਾਵਾਂ

ਪਰ ਦੇਖੋ ! ਮੁਕੱਦਰ ਹੈ ਪਾਇਆ ਮੈਂ ਕੈਸਾ
ਇੱਥੇ ਜੱਗ ਵੀ ਤੇ ਰੱਬ ਵੀ ਸਭ ਕੁਝ ਹੈ ਪੈਸਾ
ਇਹੀ ਪਿਆ ਮੈਂ ਸੋਚਦਾ ਬੈਠਾ ਮਿੱਟੀ ਪਾਸ
ਚੰਗੇ ਲੱਗਦੇ ਮੈਨੂੰ ਵੀ ਸੱਚੀਂ ਇਹ ਅਹਿਸਾਸ
ਫਿਰ ਸੋਚਾਂ ਮੈਂ ਵੇਲੇ ਤੇ ਕਿਉਂ ਨਾ ਲਈ ਤਾਲੀਮ?
ਕਿਉਂ ਮੈਂ ਮਿੱਟੀ ਰਹਿ ਗਿਆ, ਜਦ ਕੁਦਰਤ ਪਈ ਅਸੀਮ?
ਕਿਉਂ ਮੈਂ ਮਿੱਟੀ ਰਹਿ ਗਿਆ

ਰਜਨੀਸ਼ ਕੌਰ ਬਬਲੀ, ਬਰਨਾਲਾ।

## ਮਜ਼ਦੂਰ ਦਿਵਸ

ਇੱਕ ਮਈ ਮਜ਼ਦੂਰ ਦਿਵਸ ਹੈ,
ਕਹਿਣ ਮਨਾਈਏ ਸਾਰੇ।
ਮਜ਼ਦੂਰ ਦਿਵਸ ਦਾ ਲਾ ਕੇ ਝੰਡਾ,
ਫੋਟੋਆਂ ਪਾਈਏ ਸਾਰੇ।
ਸਰਕਾਰੀ ਦਫ਼ਤਰੀ ਛੁੱਟੀ ਹੋਈ,
ਮਜ਼ਦੂਰ ਦਿਵਸ ਤੇ ਭਾਈ।
ਕਈ ਘਰਾਂ ਵਿੱਚ ਫਿਕਰ ਰੋਟੀ ਦਾ,
ਕਿਸੇ ਨੇ ਖੁਸ਼ੀ ਮਨਾਈ।
ਘਰ ਵਿੱਚ ਨਿੱਕੇ ਬਾਲ ਨਿਆਣੇ,
ਭੁੱਖੇ ਪਏ ਕੁਰਲਾਵਣ।
ਤਨ ਨਾ ਕੱਪੜਾ, ਮਾਂ ਪਿਉ ਦੱਸੋ,
ਕਾਹਦਾ ਦਿਵਸ ਮਨਾਵਣ।
ਕਈਆਂ ਪੋਣੇ ਵਿੱਚ ਬੰਨ੍ਹ ਕੇ ਰੋਟੀ,
ਸਾਈਕਲ ਚੁੱਕ ਹੈ ਤੁਰਨਾ।
ਲੱਗੇ ਦਿਹਾੜੀ ਜਾਂ ਨਾ ਲੱਗੇ,
ਸ਼ਾਮ ਪਈ ਘਰ ਮੁੜਨਾ।
ਮਜ਼ਦੂਰਾਂ ਅਤੇ ਕਿਸਾਨਾਂ ਦਾ ਨਾ,
ਹੁੰਦਾ ਦਿਵਸ ਇਹ ਭਾਈ।
ਇਹ ਮਜ਼ਦੂਰ ਸਰਕਾਰੀ ਜਿਹੜੇ,
ਉਹ ਪਏ ਜਾਣ ਮਨਾਈ।
ਮੱਲ੍ਹੀ ਫੂਲ ਜਿਹਨੂੰ ਫਿਕਰ ਰੋਟੀ ਦਾ,
ਉਹ ਕੀ ਦਿਵਸ ਮਨਾਊ।
ਇੱਕ ਦਿਨ ਛੁੱਟੀ ਕਰ ਕੇ ਕਿੱਥੋਂ,
ਬੱਚਿਆਂ ਤਾਈਂ ਖਵਾਊ।

ਸ਼ਮਸ਼ੇਰ ਸਿੰਘ ਮੱਲ੍ਹੀ ਪਿੰਡ ਫੂਲ
90565 62524

# ਚੋਣਾਂ ਤੋਂ ਨਤੀਜੇ ਆਉਣ ਤੱਕ ਦਾ ਸਫ਼ਰ




ਚੋਣਾਂ ਦਾ ਐਲਾਨ ਹੁੰਦੇ ਸਾਰ ਲੀਡਰਾਂ ਵਿੱਚ ਅਦਭੁੱਤ ਤਾਕਤ ਤੇ ਚੁਸਤੀ ਫੁਰਤੀ ਆ ਜਾਂਦੀ ਹੈ। ਪਾਰਟੀ ਦੀ ਟਿਕਟ ਮਿਲਦੇ ਸਾਰ ਬਿਮਾਰ, ਬੁੱਢੇ ਤੇ ਮਰਨ ਕਿਨਾਰੇ ਪਏ ਨੇਤਾ ਵੀ 20 ਸਾਲ ਦੇ ਨੌਜਵਾਨਾਂ ਵਾਂਗ ਛਾਲਾਂ ਮਾਰਨ ਲੱਗ ਜਾਂਦੇ ਹਨ। ਪਿਛਲੀ ਚੋਣ ਨੂੰ ਆਪਣੀ ਆਖਰੀ ਚੋਣ ਕਹਿਣ ਵਾਲੇ ਦੁਬਾਰਾ ਚਿੱਟੇ ਕੁੜਤੇ ਪਜ਼ਾਮੇ ਪਹਿਨ ਕੇ ਚੋਣ ਜੰਗ ਵਿੱਚ ਡਟ ਜਾਂਦੇ ਹਨ। ਕਿਰਲੇ ਵਾਂਗ ਆਕੜੀਆਂ ਧੌਣਾਂ ਕਮਾਨ ਵਾਂਗ ਦੋਹਰੀਆਂ ਹੋ ਕੇ ਵੋਟਰ ਬਾਦਸ਼ਾਹ ਦੇ ਚਰਨਾਂ ਵਿੱਚ ਝੁਕ ਜਾਂਦੀਆਂ ਹਨ ਤੇ ਜ਼ੁਬਾਨ ਵਿੱਚ ਮਿਸ਼ਰੀ ਘੁਲ ਜਾਂਦੀ ਹੈ। ਲੋਕਾਂ ਨੂੰ ਟੁੱਟ ਟੁੱਟ ਕੇ ਪੈਣ ਵਾਲੇ ਮੰਤਰੀ ਗੁੜ ਬਣ ਜਾਂਦੇ ਹਨ। ਭਾਰਤ ਵਿੱਚ ਚੋਣਾਂ ਹਮੇਸ਼ਾਂ ਦੋ ਚਰਨਾਂ ਵਿੱਚ ਹੁੰਦੀਆਂ ਹਨ, ਵੋਟਾਂ ਤੋਂ ਪਹਿਲਾਂ ਲੀਡਰ ਵੋਟਰ ਦੇ ਚਰਨਾਂ ਵਿੱਚ ਤੇ ਵੋਟਾਂ ਤੋਂ ਬਾਅਦ ਵੋਟਰ ਲੀਡਰ ਦੇ ਚਰਨਾਂ ਵਿੱਚ। ਹਰੇਕ ਪਾਰਟੀ ਚੁਣਾਵੀ ਜੰਗ ਜਿੱਤਣ ਦੀਆਂ ਤਿਆਰੀਆਂ ਕੱਸ ਲੈਂਦੀ ਹੈ। ਅਣਗੌਲੇ, ਤੋੜ ਮਰੋੜ ਕੇ ਨੁੱਕਰਾਂ ਵਿੱਚ ਸੁੱਟੇ ਜੰਗਾਲ ਲੱਗੇ ਵਰਕਰਾਂ ਦਾ ਦੁਬਾਰਾ ਮੁੱਲ ਪੈਣਾ ਸ਼ੁਰੂ ਹੋ ਜਾਂਦਾ ਹੈ। ਰੁੱਸਿਆਂ ਨੂੰ ਦਸ ਰੁਪਏ ਦਾ ਪਲਾਸਟਿਕ ਦੇ ਫੁੱਲਾਂ ਵਾਲਾ ਹਾਰ ਪਹਿਨਾ ਕੇ ਤੇ ਪਾਰਟੀ ਦੀ ਇੱਜ਼ਤ ਦਾ ਵਾਸਤਾ ਦੇ ਕੇ ਕੁਝ ਦਿਨਾਂ ਲਈ ਦੁਬਾਰਾ ਗਲ ਨਾਲ ਲਗਾਇਆ ਜਾਂਦਾ ਹੈ। ਸਭ ਤੋਂ ਵੱਧ ਮੌਜ ਦਲ ਬਦਲੂਆਂ ਦੀ ਲੱਗਦੀ ਹੈ। ਕਈ ਅਜਿਹੇ ਲੀਡਰ ਹੁੰਦੇ ਹਨ ਜਿਨ੍ਹਾਂ ਦੀ ਆਪਣੀ ਪੁਰਾਣੀ ਪਾਰਟੀ ਦੀ ਹਾਰ ਹੁੰਦੇ ਸਾਰ ਆਤਮਾ ਜਾਗ ਪੈਂਦੀ ਹੈ ਤੇ ਉਹ ਸੱਤਾ ਵਿੱਚ ਆਈ ਪਾਰਟੀ ਵਿੱਚ ਸ਼ਾਮਲ ਹੋ ਜਾਂਦੇ ਹਨ। ਭਾਵੇਂ ਕਿ ਉਨ੍ਹਾਂ ਨੇ ਪੁਰਾਣੀ ਪਾਰਟੀ ਵਿੱਚ ਰੱਜ ਕੇ ਅਹੁਦੇ ਤੇ ਹੋਰ ਮੌਜਾਂ ਲੁੱਟੀਆਂ ਹੁੰਦੀਆਂ ਹਨ। ਪਰ ਪੰਜ ਸਾਲ ਨਵੀਂ ਪਾਰਟੀ ਵਿੱਚ ਮੌਜਾਂ ਮਾਨਣ ਅਤੇ ਪੁਰਾਣੀ ਪਾਰਟੀ ਨੂੰ ਰੱਜ ਕੇ ਗਾਲ੍ਹਾਂ ਕੱਢਣ ਤੋਂ ਬਾਅਦ ਅਗਲੀਆਂ ਚੋਣਾਂ ਵਿੱਚ ਫਿਰ ਉਨ੍ਹਾਂ ਦੀ ਆਤਮਾ ਜਾਗ ਪੈਂਦੀ ਹੈ ਤੇ ਉਹ ਦੁਬਾਰਾ ਸ਼ਾਨ ਨਾਲ ਪੁਰਾਣੀ ਪਾਰਟੀ ਵੱਲ ਪਰਤ ਆਉਂਦੇ ਹਨ। ਪਾਰਟੀਆਂ ਦੇ ਪ੍ਰਧਾਨ ਵੀ ਐਨੇ ਬੇਸ਼ਰਮ ਹਨ ਕਿ ਫੌਰਨ ਉਨ੍ਹਾਂ ਨੂੰ ਗਲ ਨਾਲ ਲਾ ਕੇ ਟਿਕਟ ਨਾਲ ਨਿਵਾਜ਼ ਦਿੰਦੇ ਹਨ।

ਇਨ੍ਹਾਂ ਲੋਕ ਸਭਾ ਚੋਣਾਂ ਵਿੱਚ ਕਈ ਮਹਾਂਰਥੀਆਂ ਨੇ ਤਾਂ ਇੱਕ ਹਫਤੇ ਵਿੱਚ ਤਿੰਨ ਤਿੰਨ ਪਾਰਟੀਆਂ ਬਦਲੀਆਂ ਹਨ। ਕਈ ਸਾਲ ਪਹਿਲਾਂ ਮੈਂ ਇੱਕ ਸਬ ਡਵੀਜ਼ਨ ਵਿੱਚ ਡੀ.ਐਸ.ਪੀ. ਲੱਗਾ ਹੋਇਆ ਸੀ। ਬਾਵਾ ਸਿੰਘ ਨਾਮ (ਨਾਮ ਬਦਲਿਆ ਹੋਇਆ) ਦਾ ਇੱਕ ਬੰਦਾ ਉਥੇ ਕਿਸੇ ਪਿੰਡ ਦਾ ਸਰਪੰਚ ਸੀ ਤੇ ਬਹੁਤ ਹੀ ਪੁਆੜੇ ਹੱਥਾ ਅਤੇ ਘਟੀਆ ਕਿਸਮ ਦਾ ਇਨਸਾਨ ਸੀ। ਉਸ ਨੇ ਆਪਣੇ ਵਿਰੋਧੀਆਂ ਨੂੰ ਰੱਜ ਕੇ ਤੰਗ ਕੀਤਾ ਤੇ ਕਈ ਨਜ਼ਾਇਜ ਪਰਚਿਆਂ ਵਿੱਚ ਫਸਾਇਆ। ਜਦੋਂ ਵਿਧਾਨ ਸਭਾ ਦੀ ਚੋਣ ਆਈ ਤਾਂ ਬਾਵਾ ਸਿੰਘ ਦੀ ਪਾਰਟੀ ਹਾਰ ਗਈ। ਵਿਰੋਧੀ ਧਿਰ ਨੇ ਸੋਚਿਆ ਕਿ ਚਲੋ ਹੁਣ ਇਸ ਤੋਂ ਖਹਿੜਾ ਛੁੱਟ ਜਾਵੇਗਾ। ਪਰ ਬਾਵਾ ਸਿੰਘ ਨੇ ਸਾਰੀ ਪੰਚਾਇਤ ਸਮੇਤ ਨਵੇਂ ਐਮ.ਐਲ.ਏ. ਦੇ ਪੈਰ ਜਾ ਫੜ੍ਹੇ ਤੇ ਵਿਰੋਧੀਆਂ ਦੇ ਦੁਬਾਰਾ ਬੁਰੇ ਦਿਨ ਆ ਗਏ। ਹਾਰ ਕੇ ਇੱਕ ਦਿਨ ਉਨ੍ਹਾਂ ਨੇ ਬਾਵਾ ਸਿੰਘ ਨੂੰ ਖੇਤਾਂ ਵਿੱਚ ਘੇਰ ਲਿਆ। ਉਸ ਦੀਆਂ ਦੋਵੇਂ ਲੱਤਾਂ ਤੋੜ ਦਿੱਤੀਆਂ ਤੇ ਕਿਹਾ ਕਿ ਤੂੰ ਹੁਣ ਤੱਕ ਸਾਨੂੰ ਝੂਠੇ ਪਰਚਿਆਂ ਵਿੱਚ ਫਸਾਉਂਦਾ ਰਿਹਾ ਹੈਂ, ਅੱਜ ਸੱਚਾ ਪਰਚਾ ਕਰਵਾ। ਜ਼ਮਾਨਤ 'ਤੇ ਬਾਹਰ ਆ ਕੇ ਤੇਰੀਆਂ ਬਾਹਵਾਂ ਤੋੜਾਂਗੇ। ਪਰ ਬਾਵਾ ਸਿੰਘ ਐਨਾ ਬੁਜ਼ਦਿਲ ਨਿਕਲਿਆ ਕਿ ਡਰਦੇ ਮਾਰੇ ਨੇ ਪਰਚਾ ਵੀ ਦਰਜ਼ ਨਾ ਕਰਵਾਇਆ ਤੇ ਅੱਗੇ ਤੋਂ ਸ਼ਾਂਤ ਹੋ ਕੇ ਬੈਠ ਗਿਆ। ਵਿਰੋਧੀ ਧਿਰ ਵਾਲਿਆਂ ਨੂੰ ਅੱਜ ਤੱਕ ਅਫਸੋਸ ਹੈ ਕਿ ਬਾਵਾ ਸਿੰਘ ਦਾ ਇਹ ਇਲਾਜ਼ ਪਹਿਲਾਂ ਕਿਉਂ ਨਾ ਕੀਤਾ।

ਵੋਟਾਂ ਤੋਂ ਇੱਕ ਦਿਨ ਪਹਿਲਾਂ ਸਾਰੇ ਨੇਤਾ ਆਖਰੀ ਹੱਲੇ ਵਜੋਂ ਆਪਣੀ ਕਿਸਮਤ ਦੇਵੀ ਦੇਵਤਿਆਂ ਨੂੰ ਸੌਂਪ ਦਿੰਦੇ ਹਨ। ਕੋਈ ਗੁਰਦਵਾਰੇ, ਕੋਈ ਮੰਦਰ ਅਤੇ ਕੋਈ ਦਰਗਾਹਾਂ ਵਿੱਚ ਸੁੱਖਣਾ ਸੁੱਖਣ ਲਈ ਪਹੁੰਚ ਜਾਂਦਾ ਹੈ। ਪਰ ਵੋਟਾਂ ਤੋਂ ਅਗਲੇ ਦਿਨਾਂ ਦੀਆਂ ਅਖਬਾਰੀ ਖਬਰਾਂ ਕੁਝ ਹੋਰ ਤਰਾਂ ਦੀਆਂ ਛਪਦੀਆਂ ਹਨ। ਕਿਸੇ ਦੀ ਬੱਚਿਆਂ ਸਮੇਤ ਵਿਦੇਸ਼ ਅਤੇ ਕਿਸੇ ਦੀ ਗੋਆ ਘੁੰਮਦੇ ਦੀ ਫੋਟੋ ਛਪਦੀ ਹੈ। ਵੋਟਰ ਤੇ ਵਰਕਰ ਇੱਕ ਦਿਨ ਵਿੱਚ ਹੀ ਭੁੱਲ ਜਾਂਦੇ ਹਨ। ਚੋਣ ਜਿੱਤਣ ਤੋਂ ਬਾਅਦ ਜੇਤੂ ਪਾਰਟੀ ਦੇ ਵਿਧਾਇਕਾਂ ਦੇ ਪੁਰਾਣੇ ਤੌਰ ਤਰੀਕੇ ਫਿਰ ਮੁੜ ਆਉਂਦੇ ਹਨ ਤੇ ਉਹ ਗਾਰਦਾਂ ਅਤੇ ਗੰਨਮੈਨਾਂ ਦੇ ਘੇਰਿਆਂ ਵਿੱਚ ਲੁਕ ਜਾਂਦੇ ਹਨ। ਜਿਹੜੇ ਪਸੀਨੇ ਨਾਲ ਤਰਬਤਰ ਗਰੀਬਾਂ ਨੂੰ ਉਹ ਜੱਫੀਆਂ ਪਾਉਂਦੇ ਨਹੀਂ ਸੀ ਥੱਕਦੇ, ਉਨ੍ਹਾਂ ਕੋਲੋਂ ਬਦਬੂ ਆਉਣ ਲੱਗ ਜਾਂਦੀ ਹੈ ਤੇ ਸਾਰੇ ਵਾਅਦੇ ਭੁੱਲ ਭੁੱਲਾਅ ਦਿੱਤੇ ਜਾਂਦੇ ਹਨ। ਜਿਹੜੇ ਉਮੀਦਵਾਰ ਮੰਗਤਿਆਂ ਵਾਂਗ ਦਰ ਦਰ ਵੋਟਾਂ ਮੰਗਦੇ ਫਿਰਦੇ ਸਨ, ਉਨ੍ਹਾਂ ਨੂੰ ਮਿਲਣਾ ਅਤੇ ਰੱਬ ਨੂੰ ਪਾਉਣਾ ਇੱਕ ਬਰਾਬਰ ਹੋ ਜਾਂਦਾ ਹੈ। ਇਸ ਵਾਰ ਦੀ ਚੋਣ ਵਿੱਚ ਇੱਕ ਗੱਲ ਸਾਹਮਣੇ ਆਈ ਹੈ ਕਿ ਵੋਟਰ ਹੁਣ ਬਹੁਤ ਚੇਤੰਨ ਹੋ ਗਏ ਹਨ। ਸੋਸ਼ਲ ਮੀਡੀਆ 'ਤੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਲੋਕਾਂ ਦੀਆਂ ਅਨੇਕਾਂ ਵੀਡੀਉ ਵਾਇਰਲ ਹੋ ਰਹੀਆਂ ਹਨ, ਜਿਨ੍ਹਾਂ ਵਿੱਚ ਉਹ ਲੀਡਰਾਂ ਨੂੰ ਘੇਰ ਕੇ ਅਜਿਹੇ ਕਰੜੇ ਸਵਾਲ ਕਰਦੇ ਹਨ ਕਿ ਉਨ੍ਹਾਂ ਨੂੰ ਤਰੇਲੀਆਂ ਆ ਜਾਂਦੀਆਂ ਹਨ। ਪਰ ਸਾਡੇ ਬਹੁਤੇ ਲੋਕ ਵੀ ਹੁਣ ਲੀਡਰਾਂ ਵਰਗੇ ਹੀ ਹੋ ਗਏ ਹਨ।



ਬਲਰਾਜ ਸਿੰਘ ਸਿੱਧੂ ਏ.ਆਈ.ਜੀ (ਰਿਟਾ.)
ਪੰਡੋਰੀ ਸਿੱਧਵਾਂ 9501100062

ਹੁਣ ਤੋਂ ਹੀ ਸਕੀਮਾਂ ਬਣਾਈਆਂ ਜਾ ਰਹੀਆਂ ਹਨ ਕਿ ਆਪਣੀ ਪਾਰਟੀ ਦੇ ਜਿੱਤਣ ਤੋਂ ਬਾਅਦ ਕਿਸ ਕਿਸ ਦੇ ਰਗੜ ਬਾਲੇ ਕੱਢਣੇ ਹਨ। ਪੁਰਾਣੇ ਸਰਪੰਚ ਦੇ ਕੀਤੇ ਘਪਲੇ ਕੱਢ ਕੇ ਉਸ ਨੂੰ ਜੇਲ੍ਹ ਯਾਤਰਾ ਕਰਵਾਉਣ ਦੇ ਮਨਸੂਬੇ ਬਣਾਏ ਜਾ ਰਹੇ। ਜਨਤਾ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਚੋਣਾਂ ਆਪਣੀ ਮਰਜ਼ੀ ਦੀ ਵਧੀਆ ਕੰਮ ਕਰਨ ਵਾਲੀ ਚੁਣਨ ਲਈ ਹੁੰਦੀਆਂ ਹਨ, ਨਿੱਜੀ ਦੁਸ਼ਮਣੀਆਂ ਪਾਉਣ ਲਈ ਜਾਂ ਵੈਰ ਕੱਢਣ ਲਈ ਨਹੀਂ। ਮੱਤਦਾਨ ਸ਼ਾਂਤੀ ਨਾਲ ਕਰਨਾ ਚਾਹੀਦਾ ਹੈ ਤੇ ਬਾਅਦ ਵਿੱਚ ਵੀ ਭਾਈਚਾਰੇ ਨਾਲ ਰਹਿਣਾ ਚਾਹੀਦਾ ਹੈ। ਜੇ ਲੜਾਈ ਕਰ ਲਈ ਤਾਂ ਪੁਲਿਸ ਅਤੇ ਵਕੀਲਾਂ ਨੂੰ ਪੈਸੇ ਤੁਸੀਂ ਦੇਣੇ ਹਨ, ਕਿਸੇ ਨੇਤਾ ਨੇ ਨਹੀਂ।

# ਕੈਨੇਡਾ 'ਚ ਜਾਨਵਰਾਂ ਦੀ ਸਾਂਭ ਸੰਭਾਲ ਲਈ ਬਣੇ ਕਾਨੂੰਨ ਲੋਕ ਜੀਵਨ ਲਈ ਵੱਡੀ ਸਹੂਲਤ

ਕਿਸੇ ਵੀ ਮੁਲਕ ਦੇ ਕਾਨੂੰਨ ਉਸ ਮੁਲਕ ਦੀਆਂ ਸਰਕਾਰਾਂ ਦੀ ਸਿਆਣਪ, ਸੂਝ ਬੂਝ ੳ ਤੇ ਉਨ੍ਹਾਂ ਦੀ ਆਪਣੇ ਦੇਸ਼ ਦੇ ਲੋਕਾਂ ਪ੍ਰਤੀ ਫਿਕਮੰਦੀ ਦੀ ਹਾਮੀ ਭਰਦੇ ਹਨ। ਕਾਨੂੰਨੀ ਸ਼ਕਤੀ ਹੀ ਉਥੋਂ ਦੇ ਲੋਕਾਂ ਨੂੰ ਅਪਰਾਧ ਕਰਨ, ਬਦਅਮਨੀ ਫੈਲਾਉਣ ਤੋਂ ਰੋਕਦੀ ਹੈ ਅਤੇ ਨਿਯਮਾਂ ਵਿੱਚ ਰਹਿਕੇ ਜ਼ਿੰਦਗੀ ਜਿਊਣ ਵੱਲ ਨੂੰ ਤੋਰਦੀ ਹੈ। ਸਰਕਾਰਾਂ ਦਾ ਕੰਮ ਕੇਵਲ ਕਾਨੂੰਨ ਬਣਾਉਣਾ ਹੀ ਨਹੀਂ ਹੁੰਦਾ, ਸਗੋਂ ਆਪਣੇ ਸਿਆਸੀ ਹਿਤਾਂ ਤੋਂ ਲਾਂਭੇ ਹੋ ਕੇ ਲੋਕ ਹਿੱਤਾਂ ਵਾਸਤੇ ਉਨ੍ਹਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ ਵੀ ਹੁੰਦਾ ਹੈ। ਸਖ਼ਤੀ ਅਤੇ ਇਮਾਨਦਾਰੀ ਨਾਲ ਲਾਗੂ ਕੀਤੇ ਕਾਨੂੰਨ ਸਰਕਾਰਾਂ ਦੇ ਅਕਸ ਨੂੰ ਚੰਗਾ ਬਣਾਉਂਦੇ ਹਨ ਤੇ ਲੋਕਾਂ ਨੂੰ ਅਮਨ ਚੈਨ ਦੀ ਜ਼ਿੰਦਗੀ ਜਿਊਣ ਦਾ ਸਾਧਨ ਬਣਦੇ ਹਨ। ਪਰ ਕਾਨੂੰਨ ਬਣਾਕੇ ਉਨ੍ਹਾਂ ਨੂੰ ਸਖ਼ਤੀ ਨਾਲ ਲਾਗੂ ਨਾ ਕਰ ਸਕਣ ਵਾਲੀਆਂ ਸਰਕਾਰਾਂ ਖ਼ੁਦ ਤਾਂ ਮਜ਼ਾਕ ਦਾ ਪਾਤਰ ਬਣਦੀਆਂ ਹੀ ਹਨ ਅਤੇ ਨਾਲ ਹੀ ਲੋਕਾਂ ਅਤੇ ਦੇਸ਼ ਲਈ ਕਈ ਸਮੱਸਿਆਵਾਂ ਵੀ ਖੜ੍ਹੀਆਂ ਕਰਦੀਆਂ ਹਨ।



ਕੈਨੇਡਾ ਦੇ ਚੰਗੇ ਕਾਨੂੰਨਾਂ ਵਿੱਚੋਂ ਇੱਕ ਕਾਨੂੰਨ ਜਾਨਵਰ ਰੱਖਣ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਲਈ ਬਣਾਇਆ ਗਿਆ ਇੱਕ ਕਾਨੂੰਨ ਵੀ ਹੈ। ਇਸ ਦੇਸ਼ ਵਿੱਚ ਜਦੋਂ ਦੂਜੇ ਦੇਸ਼ਾਂ ਵਿੱਚੋਂ ਲੋਕ ਘੁੰਮਣ ਫਿਰਨ ਜਾਂ ਇੱਥੇ ਪੱਕੇ ਤੌਰ 'ਤੇ ਰਹਿਣ ਲਈ ਆਉਂਦੇ ਹਨ ਤਾਂ ਉਹ ਇਹ ਵੇਖਕੇ ਬਹੁਤ ਹੈਰਾਨ ਰਹਿ ਜਾਂਦੇ ਹਨ ਕਿ ਸੜਕਾਂ ਉੱਤੇ ਗੰਦਗੀ ਦੇ ਢੇਰ ਵਿਖਾਈ ਨਹੀਂ ਦਿੰਦੇ, ਕਿਧਰੇ ਵੀ ਅਵਾਰਾ ਜਾਨਵਰ ਘੁੰਮਦੇ ਨਜ਼ਰ ਨਹੀਂ ਆਉਂਦੇ। ਲੋਕਾਂ ਨੇ ਆਪਣੇ ਘਰਾਂ ਦੇ ਅੱਗੇ ਪਸ਼ੂ ਨਹੀਂ ਬੰਨ੍ਹੇ ਹੋਏ ਅਤੇ ਨਾ ਹੀ ਗਲੀਆਂ, ਸੜਕਾਂ ਅਤੇ ਜਨਤਕ ਥਾਵਾਂ ਉੱਤੇ ਗੋਹੇ ਦੇ ਢੇਰ ਲੱਗੇ ਹੋਏ ਵਿਖਾਈ ਦਿੰਦੇ ਹਨ। ਇਹ ਸਾਰਾ ਕੁਝ ਜਾਨਵਰਾਂ ਦੀ ਸਾਂਭ ਸੰਭਾਲ ਲਈ ਸਰਕਾਰ ਵੱਲੋਂ ਬਣਾਏ ਗਏ ਕਾਨੂੰਨ ਅਤੇ ਉਨ੍ਹਾਂ ਦੀ ਸਖ਼ਤੀ ਨਾਲ ਪਾਲਣਾ ਕਰਵਾਉਣ ਕਰਕੇ ਹੀ ਹੈ। ਜਾਨਵਰਾਂ ਲਈ ਕਾਨੂੰਨ ਤਾਂ ਭਾਰਤ ਵਿੱਚ ਵੀ ਬਣੇ ਹੋਏ ਪਰ ਉਨ੍ਹਾਂ ਨੂੰ ਲਾਗੂ ਕਰਨ ਵਾਲੀਆਂ ਨਾ ਤਾਂ ਸਰਕਾਰਾਂ ਸੰਜੀਦਾ ਹਨ ਅਤੇ ਨਾ ਹੀ ਕਾਨੂੰਨਾਂ ਦਾ ਪਾਲਣ ਕਰਨ ਵਾਲੇ ਲੋਕ ਇਮਾਨਦਾਰ ਹਨ। ਸਾਡੇ ਦੇਸ਼ ਵਾਂਗ ਕੈਨੇਡਾ ਵਿੱਚ ਕਾਨੂੰਨ ਤੋੜਨ ਵਾਲੇ ਨੂੰ ਨੋਟਿਸ ਨਹੀਂ ਭੇਜੇ ਜਾਂਦੇ ਸਗੋਂ ਸਿੱਧਾ ਜੁਰਮਾਨਾ ਕੀਤਾ ਜਾਂਦਾ ਹੈ। ਸਾਡੇ ਮੁਲਕ ਵਾਂਗ ਨਾ ਤਾਂ ਕਾਨੂੰਨਾਂ ਵਿੱਚ ਚੋਰ ਮੋਰੀਆਂ ਹਨ ਤੇ ਨਾ ਹੀ ਲੋਕ ਨੁਮਾਇੰਦੇ ਕਾਨੂੰਨ ਤੋੜਨ ਵਾਲੇ ਦੋਸ਼ੀਆਂ ਨੂੰ ਛੱਡਣ ਲਈ ਫੋਨ ਕਰਦੇ ਹਨ।

ਸਾਡੇ ਦੇਸ਼ ਦੇ ਲੋਕ ਜਦੋਂ ਕਿਸੇ ਅਪਰਾਧ ਦਾ ਖੁਦ ਸ਼ਿਕਾਰ ਹੁੰਦੇ ਹਨ, ਉਦੋਂ ਉਹ ਕਾਨੂੰਨਾਂ ਦੀ ਬਹੁਤ ਦੁਹਾਈ ਪਾਉਂਦੇ ਹਨ ਪਰ ਉਹੀ ਲੋਕ ਜਦੋਂ ਆਪ ਅਪਰਾਧ ਕਰਕੇ ਦੂਜੇ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ ਤਾਂ ਉਹ ਉਨ੍ਹਾਂ ਕਾਨੂੰਨਾਂ ਤੋਂ ਬਚਣ ਦਾ ਯਤਨ ਕਰਦੇ ਹਨ। ਕੈਨੇਡਾ ਵਿੱਚ ਜੇਕਰ ਪਾਲਤੂ ਜਾਨਵਰਾਂ ਕੁੱਤਿਆਂ, ਘੋੜਿਆਂ ਬਿੱਲੀਆਂ, ਖ਼ਰਗੋਸ਼ਾਂ ਅਤੇ ਤੋਤਿਆਂ ਦੀ ਗੱਲ ਕੀਤੀ ਜਾਵੇ ਤਾਂ ਇਸ ਮੁਲਕ ਦੇ ਲੋਕ ਉਨ੍ਹਾਂ ਨੂੰ ਕੇਵਲ ਰੱਖਦੇ ਹੀ ਨਹੀਂ, ਸਗੋਂ ਉਨ੍ਹਾਂ ਨੂੰ ਬੇਹੱਦ ਪਿਆਰ ਵੀ ਕਰਦੇ ਹਨ। ਇਸ ਮੁਲਕ ਦਾ ਸਮਾਜਿਕ ਵਰਤਾਰਾ ਇਹ ਹੈ ਕਿ ਗੋਰਿਆਂ ਦੇ ਬੱਚੇ ਸਕੂਲ ਕਾਲਜ ਵਿੱਚੋਂ ਪੜ੍ਹਕੇ ਨਿਕਲਦਿਆਂ ਹੀ ਆਪਣੇ ਮਾਂ ਬਾਪ ਨੂੰ ਛੱਡਕੇ ਬਿਨਾਂ ਵਿਆਹ ਤੋਂ ਅਲੱਗ ਰਹਿਣ ਲੱਗ ਪੈਂਦੇ ਹਨ। ਇਹ ਪਾਲਤੂ ਜਾਨਵਰ ਹੀ ਉਨ੍ਹਾਂ ਦੇ ਬੁਢਾਪੇ ਦਾ ਸਹਾਰਾ ਹੁੰਦੇ ਹਨ। ਇਹ ਲੋਕ ਜਾਨਵਰਾਂ ਨੂੰ ਬਹੁਤ ਪਿਆਰ ਕਰਦੇ ਹਨ ਤੇ ਉਨ੍ਹਾਂ ਦੀ ਸੁਚੱਜੀ ਸਾਂਭ ਸੰਭਾਲ ਵੀ ਕਰਦੇ ਹਨ। ਉਨ੍ਹਾਂ ਦੇ ਸੌਣ ਪੈਣ, ਖਾਣ ਪੀਣ ਅਤੇ ਇਲਾਜ ਦਾ ਧਿਆਨ ਆਪਣੇ ਵਾਂਗ ਹੀ ਰੱਖਦੇ ਹਨ। ਕੁੱਤਿਆਂ, ਬਿੱਲੀਆਂ ਅਤੇ ਖ਼ਰਗੋਸ਼ਾਂ ਨੂੰ ਆਪਣੇ ਸੌਣ ਵਾਲੇ ਕਮਰਿਆਂ ਵਿੱਚ ਵੀ ਸੁਲਾ ਲੈਂਦੇ ਹਨ। ਕੁੱਤਿਆਂ ਲਈ ਇਸ ਮੁਲਕ ਦੀ ਸਰਕਾਰ ਨੇ ਕੈਨੇਡਾ ਕੈਲਨ ਕਲਬ ਬਣਾਇਆ ਹੋਇਆ ਹੈ ਅਤੇ ਵੱਧ ਤੋਂ ਵੱਧ ਵੈਟਰਨਰੀ ਹਸਪਤਾਲ ਖੋਲ੍ਹੇ ਹਨ। ਘਰਾਂ ਵਿਚ ਰੱਖੇ ਹੋਏ ਕੁੱਤਿਆਂ ਦੇ ਸਰੀਰ ਵਿੱਚ ਟੀਕੇ ਨਾਲ ਰੱਖੀ ਗਈ ਚਿਪ ਦੇ ਮਾਧਿਅਮ ਰਾਹੀਂ ਉਨ੍ਹਾਂ ਕੁੱਤਿਆਂ ਦਾ ਉਸ ਕੈਲਨ ਕਲਬ ਵਿੱਚ ਪੂਰਾ ਰਿਕਾਰਡ ਹੁੰਦਾ ਹੈ। ਜਦੋਂ ਵੀ ਉਨ੍ਹਾਂ ਕੁੱਤਿਆਂ ਦੇ ਕੋਈ ਟੀਕਾ ਲੱਗਣਾ ਹੁੰਦਾ ਹੈ, ਉਦੋਂ ਉਸਦੇ ਮਾਲਕਾਂ ਨੂੰ ਕੈਲਨ ਕਲਬ ਤੋਂ ਫੋਨ ਚਲਾ ਜਾਂਦਾ ਹੈ। ਬੰਦਿਆਂ ਵਾਂਗ ਹੀ ਉਨ੍ਹਾਂ ਦੇ ਸਾਰੇ ਟੈਸਟ ਹੁੰਦੇ ਹਨ। ਕੁੱਤਿਆਂ ਨੂੰ ਰੱਖਣ, ਘੁਮਾਉਣ ਫਿਰਾਉਣ ਅਤੇ ਟੱਟੀ ਪਿਸ਼ਾਬ ਕਰਾਉਣ ਲਈ ਸਰਕਾਰ ਵੱਲੋਂ ਬਕਾਇਦਾ ਕਾਨੂੰਨ ਬਣਾਇਆ ਗਿਆ ਹੈ।

ਕੁੱਤੇ ਨੂੰ ਸੈਰ ਕਰਾਉਂਦਿਆਂ ਉਸ ਨੂੰ ਖੁੱਲ੍ਹਾ ਨਹੀਂ ਛੱਡਿਆ ਜਾ ਸਕਦਾ। ਉਸਦੀ ਕੀਤੀ ਹੋਈ ਟੱਟੀ ਨੂੰ ਚੁੱਕਕੇ ਕੂੜਾਦਾਨ ਵਿੱਚ ਪਾਉਣਾ ਸਬੰਧਤ ਵਿਅਕਤੀ ਦੀ ਜ਼ਿੰਮੇਵਾਰੀ ਹੁੰਦੀ ਹੈ ਤਾਂ ਕਿ ਗੰਦਗੀ ਨਾ ਫੈਲੇ। ਕੁੱਤੇ ਨੂੰ ਹਲਕਾਅ ਅਤੇ ਹੋਰ ਬਿਮਾਰੀਆਂ ਤੋਂ ਲੱਗਣ ਵਾਲੇ ਇੱਕ ਤੇ ਤਿੰਨ ਮਹੀਨੇ ਬਾਅਦ ਲੱਗਣ ਵਾਲੇ ਟੀਕੇ ਲੱਗਣੇ ਬਹੁਤ ਜ਼ਰੂਰੀ ਹੁੰਦੇ ਹਨ। ਕੁੱਤੇ ਨੂੰ ਆਵਾਰਾ ਨਹੀਂ ਛੱਡਿਆ ਜਾ ਸਕਦਾ। ਕਿਸੇ ਵੀ ਕੁੱਤੀ ਦੇ ਗਰਭਵਤੀ ਹੋਣ ਦੀ ਸੂਚਨਾ ਰੱਖਣ ਤੇ ਉਸ ਦੇ ਹੋਣ ਵਾਲੇ ਬੱਚਿਆਂ ਨੂੰ ਚਾਹਵਾਨ ਲੋਕਾਂ ਨੂੰ ਸੌਂਪਣ ਦੀ ਭੂਮਿਕਾ ਕੈਲਨ ਕਲਬ ਵੱਲੋਂ ਨਿਭਾਈ ਜਾਂਦੀ ਹੈ। ਕੁੱਤੇ ਦੇ ਮਰਨ ਅਤੇ ਉਸ ਨੂੰ ਜਲਾਉਣ ਲਈ ਸਰਕਾਰ ਵੱਲੋਂ ਬਣਾਏ ਗਏ ਕੈਲਨ ਕਲਬ ਕੋਲ ਜਾਣਾ ਪੈਂਦਾ ਹੈ ਤੇ ਉਸ ਲਈ 500 ਡਾਲਰ ਦੀ ਅਦਾਇਗੀ ਕਰਨੀ ਪੈਂਦੀ ਹੈ। ਕੁੱਤੇ ਨੂੰ ਉਹੀ ਖੁਰਾਕ ਦੇਣੀ ਪੈਂਦੀ ਹੈ ਜਿਸਦੀ ਵੈਟਰਨਟੀ ਡਾਕਟਰ ਵੱਲੋਂ ਸਿਫਾਰਸ਼ ਕੀਤੀ ਜਾਂਦੀ ਹੈ। ਕੁੱਤੇ ਨੂੰ ਬੱਸ, ਗੱਡੀ ਅਤੇ ਜਹਾਜ਼ ਵਿੱਚ ਲਿਜਾਣ ਲਈ ਵਿਸ਼ੇਸ਼ ਤੌਰ 'ਤੇ ਨਿਯਮ ਬਣਾਏ ਗਏ ਹਨ, ਜਿਸਦੀ ਸਖਤੀ ਨਾਲ ਪਾਲਣਾ ਕਰਵਾਈ ਜਾਂਦੀ ਹੈ। ਇਹੋ ਕਾਰਨ ਹੈ ਕਿ ਇਸ ਮੁਲਕ ਵਿਚ ਸਾਡੇ ਦੇਸ਼ ਵਾਂਗ ਕੁੱਤੇ ਸੜਕਾਂ ਉੱਤੇ ਅਵਾਰਾ ਨਹੀਂ ਘੁੰਮਦੇ ਤੇ ਨਾ ਹੀ ਲੋਕਾਂ ਨੂੰ ਵੱਢਕੇ ਉਨ੍ਹਾਂ ਦੀ ਜਾਨ ਲੈਂਦੇ ਹਨ। ਕਿਸੇ ਵੀ ਵਿਅਕਤੀ ਨੂੰ ਕਿਸੇ ਦੇ ਕੁੱਤੇ ਵੱਲੋਂ ਵੱਢੇ ਜਾਣ 'ਤੇ ਸਜ਼ਾ ਅਤੇ ਜੁਰਮਾਨਾ ਦੋਵੇਂ ਹੁੰਦੇ ਹਨ।

ਇਸੇ ਤਰ੍ਹਾਂ ਬਿੱਲੀਆਂ, ਖ਼ਰਗੋਸ਼, ਤੋਤੇ ਅਤੇ ਕਬੂਤਰ ਰੱਖਣ ਵਾਲੇ ਲੋਕਾਂ ਨੂੰ ਵੀ ਇਸ ਮੁਲਕ ਦੇ ਕਾਇਦੇ ਕਾਨੂੰਨਾਂ ਦਾ ਪਾਲਣ ਕਰਨਾ ਪੈਂਦਾ ਹੈ। ਹੁਣ ਜੇਕਰ ਦੁਧਾਰੂ ਪਸ਼ੂਆਂ, ਗਊਆਂ, ਮੱਝਾਂ, ਬੱਕਰੀਆਂ, ਭੇਡਾਂ, ਘੋੜਿਆਂ ਦੀ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਦੇ ਰੱਖਣ ਲਈ ਇਸ ਮੁਲਕ ਦੀ ਸਰਕਾਰ ਵੱਲੋਂ ਵਿਸ਼ੇਸ਼ ਕਾਨੂੰਨ ਬਣਾਏ ਗਏ ਹਨ। ਦੁਧਾਰੂ ਪਸ਼ੂਆਂ ਅਤੇ ਘੋੜਿਆਂ, ਭੇਡਾਂ ਨੂੰ ਰਿਹਾਇਸ਼ੀ ਇਲਾਕਿਆਂ ਵਿੱਚ ਰੱਖਣ ਦੀ ਇਜਾਜ਼ਤ ਨਹੀਂ ਹੈ ਤਾਂਕਿ ਰਿਹਾਇਸ਼ੀ ਇਲਕਿਆਂ ਵਿੱਚ ਗੰਦਗੀ ਨਾ ਫੈਲ ਸਕੇ। ਦੁਧਾਰੂ ਪਸ਼ੂਆਂ ਨੂੰ ਰਿਹਾਇਸ਼ੀ ਇਲਾਕਿਆਂ ਤੋਂ ਬਾਹਰ ਫਾਰਮਾਂ ਵਿੱਚ ਰੱਖਿਆ ਜਾਂਦਾ ਹੈ। ਘੋੜੇ, ਭੇਡਾਂ ਤੇ ਹੋਰ ਜਾਨਵਰ ਰੱਖਣ ਲਈ ਘਰ ਰਿਹਾਇਸ਼ੀ ਆਬਾਦੀ ਤੋਂ ਬਾਹਰ ਬਣਾਏ ਜਾਂਦੇ ਹਨ। ਦੁਧਾਰੂ ਅਤੇ ਦੂਜੇ ਪਸ਼ੂਆਂ ਦਾ ਵੈਟਰੀਨਰੀ ਹਸਪਟਲਾਂ ਵਿੱਚ ਪੂਰਾ ਪੂਰਾ ਰਿਕਾਰਡ ਹੁੰਦਾ ਹੈ। ਇਨ੍ਹਾਂ ਪਸ਼ੂਆਂ ਨੂੰ ਕੋਈ ਬਿਮਾਰੀ ਨਾ ਲੱਗ ਸਕੇ, ਇਸ ਲਈ ਉਨ੍ਹਾਂ ਦੇ ਸਮੇਂ ਸਮੇਂ 'ਤੇ ਟੀਕੇ ਲਗਵਾਉਣਾ ਤੇ ਉਨ੍ਹਾਂ ਦਾ ਚੈੱਕਅੱਪ ਕਰਵਾਉਣਾ ਮਾਲਕ ਦੀ ਜ਼ਿੰਮੇਵਾਰੀ ਹੁੰਦੀ ਹੈ। ਇਸ ਮੁਲਕ ਦਾ ਜਾਨਵਰਾਂ ਦਾ ਸਿਹਤ ਵਿਭਾਗ ਫਾਰਮਾਂ ਵਿੱਚ ਜੰਮੇ ਪਸ਼ੂਆਂ ਦਾ ਨਿਰੀਖਣ ਕਰਦਾ ਹੈ। ਜ਼ਿੰਮੇਵਾਰ ਵਿਅਕਤੀ ਵੱਲੋਂ ਕੀਤੀ ਜਾਣ ਵਾਲੀ ਕੁਤਾਹੀ ਲਈ ਉਸ ਨੂੰ ਕਾਫੀ ਰਾਸ਼ੀ ਵਾਲੇ ਜੁਰਮਾਨੇ ਕੀਤੇ ਜਾਂਦੇ ਹਨ। ਇ ਨ੍ਹਾ ਜਾਨਵਰਾਂ ਦੇ ਗੋਹੇ ਯਾਨੀ ਕਿ ਗੰਦਗੀ ਨਾਲ ਗੰਦ ਪੈਣ ਤੋਂ ਬਚਾਉਣ ਲਈ ਬਕਾਇਦਾ ਇੱਕ ਪ੍ਰਕਿਰਿਆ ਨੂੰ ਅਪਣਾਇਆ ਗਿਆ ਹੈ। ਇਹੋ ਕਾਰਨ ਹੈ ਕਿ ਇਸ ਮੁਲਕ ਵਿੱਚ ਰਿਹਾਇਸ਼ੀ ਆਬਾਦੀ ਵਿੱਚ ਘਰਾਂ ਦੇ ਅੱਗੇ ਨਾ ਤਾਂ ਪਸ਼ੂ ਬੰਨ੍ਹੇ ਮਿਲਦੇ ਹਨ ਅਤੇ ਨਾ ਹੀ ਉਨ੍ਹਾਂ ਲਈ ਬਣਾਈਆਂ ਗਈਆਂ ਝੁੱਗੀਆਂ ਦਿਸਦੀਆਂ ਹਨ, ਨਾ ਤੂੜੀ ਦੇ ਕੁੱਪ ਜਾਂ ਟਾਂਡਿਆਂ, ਗੋਹੇ ਅਤੇ ਪਾਥੀਆਂ ਦੇ ਢੇਰ।

ਸਾਡੇ ਦੇਸ਼ ਵਾਂਗ ਇਸ ਮੁਲਕ ਵਿੱਚ ਸੜਕਾਂ ਉੱਤੇ ਘੁੰਮਦੇ ਅਵਾਰਾ ਪਸ਼ੂ ਦੁਰਘਟਨਾਵਾਂ ਅਤੇ ਲੋਕਾਂ ਦੀ ਜਾਨ ਲੈਣ ਦਾ ਕਾਰਨ ਨਹੀਂ ਬਣਦੇ ਕਿਉਂਕਿ ਇਸ ਮੁਲਕ ਦੇ ਕਾਨੂੰਨ ਬਹੁਤ ਸਖ਼ਤ ਹਨ। ਕੁਝ ਲੋਕਾਂ ਦਾ ਕਹਿਣਾ ਹੈ ਕਿ ਸਾਡਾ ਦੇਸ਼ ਭਾਰਤ ਖੇਤੀ ਪ੍ਰਧਾਨ ਦੇਸ਼ ਹੈ, ਅਬਾਦੀ ਜ਼ਿਆਦਾ ਅਤੇ ਖੇਤਰਫਲ ਘੱਟ ਹੈ ਇਸ ਲਈ ਅਵਾਰਾ ਪਸ਼ੂਆਂ, ਗੰਦਗੀ ਅਤੇ ਘਾਹ ਫੂਸ ਦੇ ਕੁੱਪ ਹੋਣਾ ਸੁਭਾਵਿਕ ਹੈ। ਇਹ ਦਲੀਲ ਦੇਣ ਵਾਲੇ ਲੋਕਾਂ ਦੀ ਗੱਲ ਕਿਸੇ ਹੱਦ ਤਕ ਠੀਕ ਵੀ ਹੈ ਪਰ ਉਨ੍ਹਾਂ ਲੋਕਾਂ ਨੂੰ ਇਹ ਗੱਲ ਵੀ ਮੰਨ ਲੈਣੀ ਚਾਹੀਦੀ ਹੈ ਕਿ ਨਾ ਤਾਂ ਸਾਡੀਆਂ ਸਰਕਾਰਾਂ ਨੂੰ ਇਸ ਮੁਲਕ ਨਾਲ ਲਗਾਓ ਹੈ ਤੇ ਨਾ ਕਾਨੂੰਨ ਤੋੜਨ ਵਾਲਿਆਂ ਨੂੰ। ਇਸ ਮੁਲਕ ਦੀ ਸਰਕਾਰ ਨੇ ਜਾਨਵਰਾਂ ਦੀ ਸੁਰੱਖਿਆ ਅਤੇ ਸ਼ਿਕਾਰ ਲਈ ਵਿਸ਼ੇਸ਼ ਕਾਨੂੰਨ ਬਣਾਇਆ ਹੋਇਆ ਹੈ। ਕਿਹੜੇ ਜਾਨਵਰਾਂ ਦਾ, ਕਿਹੜੇ ਮੌਸਮ ਅਤੇ ਕਿਹੜੇ ਖੇਤਰਾਂ ਵਿੱਚ ਸ਼ਿਕਾਰ ਹੋ ਸਕਦਾ ਹੈ, ਇਹ ਸਾਰਾ ਕੁਝ ਨਿਸ਼ਚਿਤ ਕੀਤਾ ਗਿਆ ਹੈ। ਸਾਡੇ ਮੁਲਕ ਵਾਂਗ ਇਸ ਮੁਲਕ ਵਿੱਚ ਜੰਗਲੀ ਜਾਨਵਰ ਰਿਹਾਇਸ਼ੀ ਇਲਾਕਿਆਂ ਵਿੱਚ ਨਹੀਂ ਘੁੰਮਦੇ। ਜੇਕਰ ਭੁੱਲਕੇ ਆ ਵੀ ਜਾਣ ਤਾਂ ਉਹ ਲੋਕਾਂ ਨੂੰ ਨੁਕਸਾਨ ਨਹੀਂ ਪਹੁੰਚਾਉਂਦੇ।

ਸਾਡੇ ਮੁਲਕ ਦੀਆਂ ਸਰਕਾਰਾਂ ਨੂੰ ਇਹ ਗੱਲ ਕਦੋਂ ਸਮਝ ਆਵੇਗੀ ਕਿ ਸਾਫ ਸਫਾਈ, ਸਖ਼ਤ ਕਾਨੂੰਨ ਅਤੇ ਜਾਨਵਰਾਂ ਦੀ ਸਾਂਭ ਸੰਭਾਲ ਜਿੱਥੇ ਮੁਲਕ ਦੇ ਲੋਕਾਂ ਦੀ ਜ਼ਿੰਦਗੀ ਨੂੰ ਸੋਹਣਾ ਅਤੇ ਸੁਖਾਲਾ ਬਣਾਉਂਦੇ ਹਨ, ਉੱਥੇ ਅੰਤਰਰਾਸ਼ਟਰੀ ਪੱਧਰ ਉੱਤੇ ਮੁਲਕ ਦੇ ਵਕਾਰ ਨੂੰ ਚੰਗਾ ਬਣਾਉਂਦੇ ਹਨ। ਇਸ ਉਦੇਸ਼ ਦੀ ਪ੍ਰਾਪਤੀ ਲਈ ਸਰਕਾਰ ਨੂੰ ਆਪਣੇ ਬਣਾਏ ਕਾਨੂੰਨਾਂ ਵਿੱਚ ਬਣਦੇ ਸੁਧਾਰ ਕਰਕੇ ਉਨ੍ਹਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ ਹੈ। ਦੇਸ਼ ਦੀ ਅਬਾਦੀ ਉੱਤੇ ਕਾਬੂ ਪਾਉਣਾ ਚਾਹੀਦਾ ਹੈ। ਜੁਰਮਾਨੇ ਅਤੇ ਸਜ਼ਾਵਾਂ ਸਖ਼ਤ ਹੋਣੀਆਂ ਚਾਹੀਦੀਆਂ ਹਨ। ਅਵਾਰਾ ਕੁੱਤਿਆਂ ਅਤੇ ਪਸ਼ੂਆਂ ਉੱਤੇ ਹਰ ਹਾਲਤ ਵਿੱਚ ਰੋਕ ਲਗਾਉਣੀ ਚਾਹੀਦੀ ਹੈ। ਸੜਕਾਂ, ਜਨਤਕ ਥਾਵਾਂ ਅਤੇ ਸ਼ਾਮਲਾਟਾਂ ਉੱਤੇ ਗੰਦਦੀ ਦੇ ਢੇਰ ਲਗਾਉਣ, ਪਸ਼ੂ ਬੰਨ੍ਹਣ ਅਤੇ ਘਾਹ ਫੂਸ ਦੇ ਕੁੱਪ ਬਣਾਉਣ ਉੱਤੇ ਸਖ਼ਤ ਪਾਬੰਦੀ ਹੋਣੀ ਚਾਹੀਦੀ ਹੈ। ਕੁੱਤਿਆਂ ਨੂੰ ਖੁੱਲ੍ਹੇ ਛੱਡਕੇ ਨਾ ਘੁਮਾਉਣ ਅਤੇ ਉਨ੍ਹਾਂ ਦੀ ਗੰਦਗੀ ਨੂੰ ਚੁੱਕ ਕੇ ਕੂੜਾਦਾਨ ਵਿੱਚ ਪਾਉਣ ਲਈ ਸਖ਼ਤ ਹਦਾਇਤ ਕੀਤੀ ਜਾਵੇ। ਸਿਆਸੀ ਲੋਕਾਂ ਨੂੰ ਕਾਨੂੰਨ ਤੋੜਨ ਵਾਲਿਆਂ ਨੂੰ ਬਚਾਉਣਾ ਬੰਦ ਕਰਨਾ ਪਵੇਗਾ।



ਪ੍ਰਿੰ. ਵਿਜੈ ਕੁਮਾਰ
98726-27136

# ਫਿਲਮ 'ਭਾਗ ਮਿਲਖਾ ਭਾਗ' ਵਿਚਲਾ ਅਸਲੀ ਮਿਲਖਾ ਸਿੰਘ



ਸਰਵਣ ਸਿੰਘ

ਮਿਲਖਾ ਸਿੰਘ ਤੇਜ਼ਤਰਾਰ ਦੌੜਾਂ ਦਾ ਬਾਦਸ਼ਾਹ ਸੀ। ਏਸ਼ੀਆ ਮਹਾਂਦੀਪ ਦਾ ਬੈੱਸਟ ਅਥਲੀਟ। ਉਸ ਨੇ ਕਾਮਨਵੈੱਲਥ ਤੇ ਏਸ਼ਿਆਈ ਖੇਡਾਂ ਵਿੱਚੋਂ ਪੰਜ ਗੋਲਡ ਮੈਡਲ ਜਿੱਤੇ ਸਨ। ਭਾਰਤ ਨੂੰ ਕਾਮਨਵੈਲਥ ਖੇਡਾਂ ਦਾ ਪਹਿਲਾ ਗੋਲਡ ਮੈਡਲ ਮਿਲਖਾ ਸਿੰਘ ਨੇ ਹੀ ਦੁਆਇਆ ਸੀ। ਉਸ ਨੇ ਤਿੰਨ ਓਲੰਪਿਕਸ ਵਿੱਚ ਭਾਗ ਲਿਆ ਸੀ ਤੇ ਰੋਮ ਦੀਆਂ ਓਲੰਪਿਕ ਖੇਡਾਂ 'ਚੋਂ ਮੈਡਲ ਜਿੱਤਦਾ-ਜਿੱਤਦਾ ਹਾਰ ਗਿਆ ਸੀ। ਉਥੇ ਉਹ ਪਹਿਲਾ ਓਲੰਪਿਕ ਰਿਕਾਰਡ ਮਾਤ ਪਾ ਗਿਆ ਸੀ। ਭਾਰਤੀ ਅਥਲੀਟਾਂ 'ਚ ਉਸ ਦੀ ਬੱਲੇ-ਬੱਲੇ ਸਭ ਤੋਂ ਵੱਧ ਹੋਈ। ਉਹ ਜਿਊਂਦੇ ਜੀਅ ਮਿੱਥ ਬਣ ਗਿਆ ਸੀ। ਉਸ ਦੇ ਜੀਵਨ 'ਤੇ ਆਧਾਰਿਤ ਬਣੀ ਫਿਲਮ 'ਭਾਗ ਮਿਲਖਾ ਭਾਗ' ਕਾਰਲ ਲੇਵਿਸ ਵਰਗੇ ਮਹਾਨ ਅਥਲੀਟ ਨੇ ਵੀ ਸਲਾਹੀ। ਉਸ ਨੂੰ 'ਫਲਾਈਂਗ ਸਿੱਖ' ਵੀ ਕਿਹਾ ਜਾਂਦਾ ਰਿਹਾ। ਇਹ ਖ਼ਿਤਾਬ ਉਸ ਨੂੰ ਲਾਹੌਰ ਦੇ ਸਟੇਡੀਅਮ ਵਿੱਚ ਮਿਲਿਆ ਸੀ। ਦੌੜ ਜਿੱਤਣ ਪਿੱਛੋਂ ਜਦੋਂ ਮਿਲਖਾ ਸਿੰਘ ਨੇ ਜੇਤੂ ਗੇੜੀ ਲਾਈ ਤਾਂ ਅਨਾਊਂਸਰ ਨੇ ਕਿਹਾ ਸੀ, "ਮਿਲਖਾ ਸਿੰਘ ਦੌੜਿਆ ਨਹੀਂ, ਉਡਿਆ ਹੈ। ਅਸੀਂ ਏਹਨੂੰ 'ਫਲਾਈਂਗ ਸਿੱਖ' ਦਾ ਖ਼ਿਤਾਬ ਦੇਨੇ ਆਂ!"

ਪਾਕਿਸਤਾਨ ਦੇ ਪ੍ਰੈਜ਼ੀਡੈਂਟ ਜਨਰਲ ਅਯੂਬ ਖਾਂ ਨੇ ਉਸ ਨੂੰ ਮੈਡਲ ਪਹਿਨਾਉਂਦਿਆਂ ਕਿਹਾ ਸੀ, "ਮਿਲਖਾ ਸਿੰਘ ਜੀ, ਤੁਸੀਂ ਵਾਕਿਆ ਈ 'ਫਲਾਈਂਗ ਸਿੱਖ' ਹੋ।" ਉਥੇ ਉਹ 200 ਮੀਟਰ ਦੀ ਦੌੜ 20.7 ਸੈਕੰਡ ਵਿੱਚ ਦੌੜਿਆ ਸੀ ਜੋ ਉਸ ਸਮੇਂ ਵਿਸ਼ਵ ਰਿਕਾਰਡ ਸੀ। ਰੋਮ ਵਿੱਚ ਉਹ 400 ਮੀਟਰ ਦੀ ਦੌੜ 45.6 ਸੈਕੰਡ ਵਿੱਚ ਦੌੜਿਆ। ਉਦੋਂ ਓਲੰਪਿਕ ਰਿਕਾਰਡ 45.9 ਸੈਕੰਡ ਦਾ ਸੀ। ਉਸ ਨੇ 80 ਇੰਟਰਨੈਸ਼ਨਲ ਦੌੜਾਂ 'ਚੋਂ 77 ਦੌੜਾਂ ਜਿੱਤੀਆਂ ਸਨ। ਇਕ ਸਮੇਂ 100, 200, 400 ਤੇ 4+400 ਮੀਟਰ ਦੌੜਾਂ ਦੇ ਚਾਰੇ ਨੈਸ਼ਨਲ ਰਿਕਾਰਡ ਉਹਦੇ ਨਾਂ ਸਨ। ਉਹਦਾ 400 ਮੀਟਰ ਦੌੜ ਦਾ ਰਿਕਾਰਡ ਭਾਰਤ ਦਾ ਕੋਈ ਹੋਰ ਦੌੜਾਕ 20ਵੀ ਸਦੀ ਤੇ ਅੰਤ ਤਕ ਵੀ ਨਹੀਂ ਸੀ ਤੋੜ ਸਕਿਆ। ਉਹ ਆਖ਼ਰ ਕੇਰਲਾ ਦੇ ਕੇ. ਐੱਮ. ਬੀਨੂ ਨੇ 2004 ਵਿੱਚ ਤੋੜਿਆ ਜਿਸ ਨੂੰ ਮਿਲਖਾ ਸਿੰਘ ਨੇ ਐਲਾਨ ਕੀਤਾ ਹੋਇਆ ਦੋ ਲੱਖ ਰੁਪਏ ਦਾ ਇਨਾਮ ਵੀ ਦਿੱਤਾ।

ਮਿਲਖਾ ਸਿੰਘ ਦਾ ਜਨਮ 20 ਨਵੰਬਰ 1932 ਨੂੰ ਪੱਛਮੀ ਪੰਜਾਬ ਦੇ ਪਿੰਡ ਗੋਬਿੰਦਪੁਰਾ, ਜ਼ਿਲ੍ਹਾ ਮੁਜ਼ੱਫਰਗੜ੍ਹ ਵਿੱਚ ਸੰਪੂਰਨ ਸਿੰਘ ਦੇ ਘਰ ਮਾਤਾ ਵਧਾਵੀ ਬਾਈ ਦੀ ਕੁੱਖੋਂ ਹੋਇਆ ਸੀ। ਉਹ ਅੱਠ ਭੈਣ ਭਰਾ ਸਨ। ਅਮੀਰ ਸਿੰਘ, ਦੌਲਤ ਸਿੰਘ, ਮੱਖਣ ਸਿੰਘ, ਮਿਲਖਾ ਸਿੰਘ, ਗੋਬਿੰਦ ਸਿੰਘ, ਈਸ਼ਰ, ਹਰਬੰਸ ਤੇ ਮਖਣੀ। ਦੇਸ਼-ਵੰਡ ਦੇ ਉਜਾੜੇ ਵੇਲੇ ਇਕ ਭੈਣ ਤੇ ਦੋ ਭਰਾ ਹੀ ਬਚ ਸਕੇ, ਬਾਕੀ ਸਾਰਾ ਪਰਿਵਾਰ ਕਤਲ ਕਰ ਦਿੱਤਾ ਗਿਆ ਸੀ। ਮਿਲਖਾ ਸਿੰਘ ਤੇ ਉਸ ਦੀ ਪਤਨੀ ਨਿਰਮਲ ਨਿੰਮੀ ਲੰਮੀ ਉਮਰ ਜੀਵੇ। ਦੋਵੇਂ ਪੰਜਾਬ ਤੇ ਚੰਡੀਗੜ੍ਹ ਦੇ ਸਪੋਰਟਸ ਡਾਇਰੈਕਟਰ ਰਹੇ। ਕੋਵਿਡ ਕਾਲ ਦੌਰਾਨ ਉਹ ਜੂਨ 2021 ਵਿੱਚ ਅੱਗੜ ਪਿੱਛੜ ਪਰਲੋਕ ਸਿਧਾਰੇ। ਆਪਣੇ ਪਿੱਛੇ ਪੁੱਤਰ ਜੀਵ ਮਿਲਖਾ ਸਿੰਘ ਤੇ ਤਿੰਨ ਧੀਆਂ ਦਾ ਭਰਿਆ ਪਰਿਵਾਰ ਛੱਡ ਗਏ।

ਉਮਰ ਦੇ ਆਖ਼ਰੀ ਸਾਲਾਂ 'ਚ ਮਿਲਖਾ ਸਿੰਘ ਨੇ ਆਪਣੀ ਧੀ ਸੋਨੀਆ ਸਨਵਾਲਕਾ ਤੋਂ ਅੰਗਰੇਜ਼ੀ ਵਿੱਚ ਆਪਣੀ ਆਟੋਬਾਇਓਗਰਾਫੀ ਲਿਖਵਾਈ: ਦਾ ਰੇਸ ਆਫ਼ ਮਾਈ ਲਾਈਫ਼। ਪਹਿਲਾਂ ਪੰਜਾਬੀ ਵਿੱਚ ਵੀ ਉਸ ਨੇ ਪ੍ਰਸਿੱਧ ਕਵੀ ਪਾਸ਼ ਤੋਂ ਆਪਣੀ ਸਵੈਜੀਵਨੀ ਲਿਖਵਾਈ ਸੀ: ਫਲਾਈਂਗ ਸਿੱਖ ਮਿਲਖਾ ਸਿੰਘ। 2020 ਵਿੱਚ ਮੈਂ ਵੀ ਉਸ ਦੀ ਜੀਵਨੀ 'ਉਡਣਾ ਸਿੱਖ ਮਿਲਖਾ ਸਿੰਘ' ਲਿਖੀ।

ਮਿਲਖਾ ਸਿੰਘ ਨੂੰ ਮੈਂ ਪਹਿਲੀ ਵਾਰ 1958 'ਚ ਫਿਲਮੀ ਪਰਦੇ 'ਤੇ ਦੌੜਦਾ ਵੇਖਿਆ ਸੀ। ਉਦੋਂ ਉਸ ਨੇ ਕਾਰਡਿਫ਼ ਦੀਆਂ ਕਾਮਨਵੈੱਲਥ ਖੇਡਾਂ 'ਚੋਂ ਗੋਲਡ ਮੈਡਲ ਜਿੱਤਿਆ ਸੀ। ਫਿਰ 1962 'ਚ ਦਿੱਲੀ ਦੇ ਨੈਸ਼ਨਲ ਸਟੇਡੀਅਮ ਵਿੱਚ ਦੌੜਦੇ ਵੇਖਿਆ। ਉਦੋਂ ਅਸੀਂ ਦਿੱਲੀ ਯੂਨੀਵਰਸਿਟੀ ਦੇ ਅਥਲੀਟ ਵੀ ਉਥੇ ਪ੍ਰੈਕਟਿਸ ਕਰਦੇ ਸਾਂ। ਪ੍ਰੈਕਟਿਸ ਪਿੱਛੋਂ ਜਦੋਂ ਉਹ ਵਿਹਲਾ ਹੋਇਆ ਤਾਂ ਮੈਂ ਉਹਦੇ ਨਾਲ ਹੱਥ ਮਿਲਾਇਆ ਸੀ। ਉਹਦੇ ਹੱਥ ਪਤਲੇ, ਕਲਾਈਆਂ ਵੀ ਪਤਲੀਆਂ ਤੇ ਗਿੱਟੇ-ਗੋਡੇ ਵੀ ਪਤਲੇ ਸਨ। ਸੂਤਵਾਂ ਚਿਹਰਾ ਤਕੜੇ ਖਿਡਾਰੀਆਂ ਵਰਗਾ ਨਹੀਂ ਅਨੀਂਦਰੇ ਮਾਰੇ ਪਾੜ੍ਹਿਆਂ ਵਰਗਾ ਸੀ। ਦੰਦ ਵੱਡੇ ਤੇ ਬੁੱਲ੍ਹ ਮੋਟੇ ਸਨ। ਗੱਲ੍ਹਾਂ ਜਾਭਾਂ 'ਚ ਵੜੀਆਂ ਪਈਆਂ ਸਨ। ਜੂੜਾ ਵੱਡਾ ਸੀ ਜੋ ਚਿੱਟੇ ਰੁਮਾਲ ਨਾਲ ਬੱਧਾ ਹੋਇਆ ਸੀ। ਉਦੋਂ ਮੇਰਾ ਵਜ਼ਨ ਤਾਂ ਸੱਤਰ ਕਿਲੋ ਸੀ ਜਦ ਕਿ ਮਿਲਖਾ ਸਿੰਘ ਦਾ ਵਜ਼ਨ ਮੈਨੂੰ ਸੱਠ ਕੁ ਕਿਲੋ ਲੱਗਾ ਸੀ। ਉਹਦੇ ਨਾਲ ਮੱਲਾਂ ਵਰਗੇ ਥਰੋਅਰ ਪ੍ਰਦੁੱਮਣ ਸਿੰਘ ਤੇ ਬਲਕਾਰ ਸਿੰਘ ਹੋਰੀ ਸਨ। ਮੱਖਣ ਸਿੰਘ ਸੀ, ਗੁਰਬਚਨ ਰੰਧਾਵਾ, ਤਰਲੋਕ ਸਿੰਘ ਤੇ ਮਹਿੰਦਰ ਸਿੰਘ ਹੋਰੀ ਦਸ ਪੰਦਰਾਂ ਅਥਲੀਟ ਸਨ ਜਿਹੜੇ ਜਕਾਰਤਾ ਦੀਆਂ ਏਸ਼ਿਆਈ ਖੇਡਾਂ ਲਈ ਤਿਆਰੀ ਕਰ ਰਹੇ ਸਨ।

ਮਿਲਖਾ ਸਿੰਘ ਦੀ ਜੀਵਨ ਕਹਾਣੀ ਦੌੜਾਂ ਦੀ ਐਸੀ ਗਾਥਾ ਹੈ ਜੋ ਜੱਗੋਂ ਨਿਆਰੀ ਹੈ। ਦੌੜਾਂ ਸਦਾ ਉਹਦੇ ਅੰਗ ਸੰਗ ਰਹੀਆਂ। ਉਹ ਸਕੂਲੇ ਜਾਂਦਾ ਤਾਂ ਸਕੂਲੋਂ ਦੌੜ ਜਾਂਦਾ। ਤਪਦੇ ਰਾਹਾਂ 'ਤੇ ਪੈਰ ਭੁੱਜਦੇ ਤਾਂ ਦੌੜ ਕੇ ਕਿਸੇ ਰੁੱਖ ਦੀ ਛਾਵੇਂ ਠੰਢੇ ਕਰਦਾ। ਇਕ ਰੁੱਖ ਦੀ ਛਾਂ ਤੋਂ ਦੂਜੇ ਰੁੱਖ ਦੀ ਛਾਂ ਵੱਲ ਦੌੜਦਾ। 1947 ਵਿੱਚ ਉਹ ਪਾਕਿਸਤਾਨ 'ਚੋਂ ਜਾਨ ਬਚਾ ਕੇ ਦੌੜਿਆ। ਪਹਿਲਾਂ ਮੁਲਤਾਨ, ਫਿਰ ਫਿਰੋਜ਼ਪੁਰ ਤੇ ਫਿਰ ਦਿੱਲੀ ਪੁੱਜਾ। ਦਿੱਲੀ ਉਹ ਰੇਲ ਗੱਡੀਆਂ ਬਰਾਬਰ ਦੌੜਿਆ ਤੇ ਚੋਰੀਆਂ ਚਕਾਰੀਆਂ ਕੀਤੀਆਂ। ਇੱਟਾਂ ਰੋੜੇ ਤੇ ਚਾਕੂ ਚਲਾਏ। ਪੁਲਿਸ ਫੜਨ ਲੱਗੀ ਤਾਂ ਦੌੜ ਕੇ ਬਚਿਆ। ਬੇਟਿਕਟਾ ਸਫ਼ਰ ਕਰਦਾ ਦੌੜਨ ਲੱਗਾ ਤਾਂ ਫੜਿਆ ਗਿਆ ਤੇ ਜੇਲ੍ਹ ਜਾ ਪੁੱਜਾ। ਭੈਣ ਨੇ ਵਾਲ਼ੀਆਂ ਗਹਿਣੇ ਰੱਖ ਕੇ ਜੇਲੋਂ ਛੁਡਾਇਆ। ਫਿਰ ਉਸ ਨੂੰ ਭੈਣ ਦੇ ਸਹੁਰਿਆਂ ਨੇ ਦੌੜਾਅ ਦਿੱਤਾ।

ਚੜ੍ਹਦੀ ਜੁਆਨੀ 'ਚ ਉਹ ਇਕ ਗ਼ਰੀਬੜੀ ਕੁੜੀ ਦੇ ਕੁਆਰੇ ਇਸ਼ਕ ਪਿੱਛੇ ਦੌੜਿਆ ਪਰ ਉਹ ਉਹਦੇ ਹੱਥ ਨਾ ਆਈ। ਇਕ ਅਮੀਰ ਕੁੜੀ ਉਹਦੇ ਮਗਰ ਦੌੜੀ ਜਿਸ ਨੂੰ ਮਿਲਖਾ ਸਿੰਘ ਨੇ ਡਾਹੀ ਨਾ ਦਿੱਤੀ। ਫੌਜ 'ਚ ਭਰਤੀ ਹੋਇਆ ਤਾਂ ਦੌੜ ਕੇ ਹੀ ਦੁੱਧ ਦਾ ਸਪੈਸ਼ਲ ਗਲਾਸ ਲੁਆਇਆ। ਦੌੜ ਦੌੜ ਕੇ ਤਰੱਕੀਆਂ ਪਾਈਆਂ ਤੇ ਸਿਪਾਹੀ ਤੋਂ ਜੇਸੀਓ ਬਣਿਆ। ਦੇਸ਼ਾਂ ਵਿਦੇਸ਼ਾਂ ਵਿੱਚ ਦੌੜ ਕੇ ਮੈਡਲ ਤੇ ਕੱਪ ਜਿੱਤਦਾ ਗਿਆ ਅਤੇ ਅਮਰੀਕਾ ਦੀ ਹੈਲਮਜ਼ ਟਰਾਫੀ ਨੂੰ ਜਾ ਹੱਥ ਪਾਇਆ। ਭਾਰਤ ਸਰਕਾਰ ਨੇ ਅਰਜੁਨਾ ਐਵਾਰਡ ਤੇ ਪਦਮਸ਼੍ਰੀ ਦੇ ਪੁਰਸਕਾਰਾਂ ਨਾਲ ਨਿਵਾਜਿਆ। ਰੋਮ ਦੀਆਂ ਓਲੰਪਿਕ ਖੇਡਾਂ 'ਚ ਪਹਿਲਾ ਓਲੰਪਿਕ ਰਿਕਾਰਡ ਤੋੜਿਆ ਤਾਂ ਕੁਲ ਦੁਨੀਆ 'ਚ ਮਿਲਖਾ ਮਿਲਖਾ ਹੋ ਗਈ। ਲਾਹੌਰ ਦੌੜਿਆ ਤਾਂ 'ਫਲਾਈਂਗ ਸਿੱਖ' ਦਾ ਖ਼ਿਤਾਬ ਮਿਲਿਆ। ਮੁਸੀਬਤਾਂ ਉਸ ਨੂੰ ਵਾਰ ਵਾਰ ਘੇਰਦੀਆਂ ਰਹੀਆਂ ਪਰ ਉਹ ਉਨ੍ਹਾਂ ਦਾ ਸਾਹਮਣਾ ਕਰਦਾ ਅੱਗੇ ਹੀ ਅੱਗੇ ਦੌੜਦਾ ਗਿਆ। ਉਹਦੇ ਮਰ ਰਹੇ ਬਾਪ ਦੇ ਆਖ਼ਰੀ ਬੋਲ ਸਨ, "ਦੌੜ ਜਾ ਪੁੱਤਰਾ! ਦੌੜ ਜਾਹ...।"




1947 ਦੀ ਮਾਰ-ਧਾੜ 'ਚੋਂ ਜਾਨ ਬਚਾ ਕੇ ਉਹ ਅਜਿਹਾ ਦੌੜਿਆ ਕਿ ਸਾਰੀ ਉਮਰ ਦੌੜਦਾ ਹੀ ਰਿਹਾ। ਜਿਨ੍ਹਾਂ ਰਾਹਾਂ, ਪਹਿਆਂ, ਖੇਤਾਂ, ਡੰਡੀਆਂ, ਪਗਡੰਡੀਆਂ, ਪਟੜੀਆਂ, ਪਾਰਕਾਂ, ਟ੍ਰੇਲਾਂ, ਟ੍ਰੈਕਾਂ, ਸਟੇਡੀਅਮਾਂ ਤੇ ਗੌਲਫ਼ ਗਰਾਊਂਡਾਂ 'ਚ ਉਹ ਦੌੜਿਆ ਉਥੋਂ ਅੱਜ ਵੀ ਉਹਦੇ ਮੁੜ੍ਹਕੇ ਦੀ ਮਹਿਕ ਆ ਰਹੀ ਹੈ।

1966 'ਚ ਮਿਲਖਾ ਸਿੰਘ ਨਾਲ ਕੀਤੀ ਪਹਿਲੀ ਮੁਲਾਕਾਤ ਪਿੱਛੋਂ ਮੈਂ ਜਿਹੜਾ ਲੇਖ ਲਿਖਿਆ ਸੀ ਉਸ ਦੀਆਂ ਕੁਝ ਟੂਕਾਂ ਹਾਜ਼ਰ ਹਨ, "ਟ੍ਰੈਕ ਮਿਲਖਾ ਸਿੰਘ ਲਈ ਤੀਰਥ ਸਥਾਨ ਬਣ ਗਿਆ ਸੀ ਤੇ ਦੌੜਨਾ ਨਿਤਨੇਮ। ਦੌੜ ਉਹਦਾ ਇਸ਼ਟ ਬਣ ਗਈ ਸੀ। ਵਿਤੋਂ ਬਾਹਰਾ ਦੌੜਨ ਨਾਲ ਉਹ ਕਈ ਵਾਰ ਬੇਹੋਸ਼ ਹੋਇਆ ਤੇ ਲਹੂ ਦੀਆਂ ਉਲਟੀਆਂ ਕਰਦਾ ਰਿਹਾ। ਸਿਕੰਦਰਾਬਾਦ ਉਹਦਾ ਸੈਂਟਰ ਸੀ। ਫੌਜੀ ਬੈਰਕ ਤੇ ਟ੍ਰੈਕ ਉਹਦੀ ਦੁਨੀਆ ਸੀ। ਦੌੜਨ ਦੀ ਤਪੱਸਿਆ ਜਿਥੇ ਸਰੀਰ ਦਾ ਮੁੜ੍ਹਕਾ ਵਹਾਉਂਦੀ, ਲਹੂ ਪੀਂਦੀ, ਨਿਢਾਲ ਕਰਦੀ, ਰਾਤਾਂ ਨੂੰ ਵੀ ਦੌੜਾਂ ਲੁਆਉਂਦੀ, ਅਨੀਂਦਰੇ ਮਾਰਦੀ, ਉਥੇ ਜਿੱਤਾਂ ਜਿੱਤਣ ਦੀ ਤਾਂਘ 'ਚ ਇਹੋ ਤਪੱਸਿਆ ਉਹਨੂੰ ਗਗਨਾਂ ਦੇ ਪਰੀ-ਮੰਡਲਾਂ ਵਿੱਚ ਸੰਵਾ ਦਿੰਦੀ!

"ਟੋਕੀਓ-58 ਦੀਆਂ ਏਸ਼ਿਆਈ ਖੇਡਾਂ 'ਚ ਪਾਕਿਸਤਾਨ ਦਾ ਓਲੰਪੀਅਨ ਦੌੜਾਕ ਅਬਦੁੱਲ ਖ਼ਾਲਿਕ ਕਿਸੇ ਨੂੰ ਨਿਗ੍ਹਾ ਹੇਠ ਨਹੀਂ ਸੀ ਲਿਆਉਂਦਾ। ਉਹ 100 ਮੀਟਰ ਦੀ ਦੌੜ ਜਿੱਤ ਚੁੱਕਾ ਸੀ ਜਦਕਿ ਮਿਲਖਾ ਸਿੰਘ 400 ਮੀਟਰ ਦੀ। ਉਨ੍ਹਾਂ 'ਚੋਂ ਜਿਹੜਾ 200 ਮੀਟਰ ਦੀ ਦੌੜ ਜਿਤਦਾ ਉਹੀ ਏਸ਼ੀਆ ਦਾ ਬੈੱਸਟ ਅਥਲੀਟ ਬਣਨਾ ਸੀ। ਆਖ਼ਰ 200 ਮੀਟਰ ਦੌੜ ਸ਼ੁਰੂ ਹੋਈ। ਅਖ਼ੀਰ ਤਕ ਦੋਵੇਂ ਬਰਾਬਰ ਦੌੜਦੇ ਗਏ। ਹੱਲਾਸ਼ੇਰੀ ਦਿੰਦੇ ਦਰਸ਼ਕ ਪੱਬਾਂ ਭਾਰ ਖੜ੍ਹੇ ਹੋ ਗਏ। ਦੋਹੇਂ ਦੌੜਾਕ ਫੀਤੇ ਨੂੰ ਇਕੋ ਸਮੇਂ ਛੋਹੇ। ਦੌੜ ਪੂਰੀ ਕਰਦਿਆਂ ਮਿਲਖਾ ਸਿੰਘ ਲੜਖੜਾ ਕੇ ਡਿੱਗ ਪਿਆ। ਕਾਫੀ ਸਮਾਂ ਉਡੀਕਣ ਤੇ ਦੌੜ ਸਮਾਪਤੀ ਦੀ ਫੋਟੋ ਵਾਰ ਵਾਰ ਘੋਖਣ ਉਪਰੰਤ ਐਲਾਨ ਹੋਇਆ-ਮਿਲਖਾ ਸਿੰਘ ਫਸਟ! ਟਾਈਮ... ਤਾੜੀਆਂ ਦੀ ਗੂੰਜਾਰ ਵਿੱਚ ਟਾਈਮ ਕਿਸੇ ਨੇ ਵੀ ਨਾ ਸੁਣਿਆ।

"ਮਿਲਖਾ ਸਿੰਘ ਦੇ ਖੁਸ਼ੀ ਵਿੱਚ ਹੰਝੂ ਵਹਿ ਤੁਰੇ। ਤਸਵੀਰਾਂ ਖਿੱਚਣ ਲਈ ਕੈਮਰਿਆਂ ਦੀਆਂ ਅੱਖਾਂ ਜਗਣ ਬੁਝਣ ਲੱਗੀਆਂ। ਸਾਥੀਆਂ ਦੀਆਂ ਜੱਫੀਆਂ ਨੇ ਉਹਨੂੰ ਮਧੋਲ ਲਿਆ। ਡੌਰ-ਭੌਰ ਉਹ ਆਪਣੇ ਕਮਰੇ 'ਚ ਪੁੱਜਾ। ਉਹ ਸ਼ੀਸ਼ੇ ਸਾਹਮਣੇ ਖੜ੍ਹਾ ਹੋਇਆ। ਉਸ ਨੇ ਆਪਣੇ ਆਪ ਨੂੰ ਗਹੁ ਨਾਲ ਵੇਖਿਆ... ਭੁੱਜਦੇ ਪੈਰਾਂ ਨਾਲ ਤਪਦੇ ਰਾਹਾਂ 'ਤੇ ਰੁੱਖਾਂ ਦੀਆਂ ਛਾਵਾਂ ਵੱਲ ਦੌੜਦਾ, ਲਹੂ ਲਿਬੜੀ ਗੱਡੀ 'ਚ ਲੁਕ ਕੇ ਸਫ਼ਰ ਕਰਦਾ, ਸ਼ਰਨਾਰਥੀ ਕੈਂਪਾਂ 'ਚ ਰੁਲਦਾ, ਫੌਜੀਆਂ ਦੇ ਬੂਟ ਪਾਲਸ਼ ਕਰਦਾ, ਲੁਕਾਅ ਕੇ ਰੱਖੀ ਬੇਹੀ ਰੋਟੀ ਨਿਗਲਦਾ...। ਉਸ ਨੇ ਅੱਖਾਂ ਮੁੰਦ ਲਈਆਂ। ਸਿਰ ਬਾਹਾਂ ਵਿੱਚ ਘੁੱਟ ਲਿਆ ਤੇ ਮੰਜੇ 'ਤੇ ਲੇਟ ਗਿਆ। ਜੋ ਖ਼ੁਆਬ ਵਿੱਚ ਵੀ ਨਹੀਂ ਸੀ ਉਹ ਹਕੀਕਤ ਬਣ ਗਿਆ ਸੀ। ਜਪਾਨ ਦਾ ਸ਼ਹਿਨਸ਼ਾਹ ਉਹਨੂੰ ਵਧਾਈ ਦੇ ਰਿਹਾ ਸੀ। ਤਿਰੰਗਾ ਲਹਿਰਾ ਰਿਹਾ ਸੀ ਤੇ 'ਜਨ ਗਨ ਮਨ' ਗੂੰਜ ਰਿਹਾ ਸੀ। ਦੁਨੀਆ ਭਰ 'ਚ 'ਮਿਲਖਾ ਸਿੰਘ-ਮਿਲਖਾ ਸਿੰਘ' ਹੋ ਰਹੀ ਸੀ! ਹੋਰ ਉਸ ਨੂੰ ਕੀ ਚਾਹੀਦਾ ਸੀ?"

ਉਸ ਲੇਖ ਦੇ ਅੰਤ 'ਚ ਮੈਂ ਲਿਖਿਆ ਸੀ, "ਆਖ਼ਰ ਟੋਕੀਓ ਦੀ ਓਲੰਪਿਕ ਦੌੜ ਦੌੜਨ ਪਿੱਛੋਂ ਉਸ ਨੇ ਦੌੜਾਂ ਨੂੰ ਅਲਵਿਦਾ ਕਹਿ ਕੇ ਆਪਣੇ ਕਿੱਲਾਂ ਵਾਲੇ ਬੂਟ ਕਿੱਲੀ ਉਤੇ ਟੰਗ ਦਿੱਤੇ ਜੋ ਵੰਗਾਰ ਰਹੇ ਹਨ-ਆਵੇ ਕੋਈ ਨਿੱਤਰੇ!"

ਮਿਲਖਾ ਸਿੰਘ ਬਾਰੇ 'ਭਾਗ ਮਿਲਖਾ ਭਾਗ' ਫਿਲਮ ਬਣੀ ਤਾਂ ਜਿਥੇ ਉਹਦੀ ਮਸ਼ਹੂਰੀ ਨੂੰ ਚਾਰ ਚੰਨ ਲੱਗੇ ਉਥੇ ਉਹਦੇ ਬਾਰੇ ਦੰਦ ਕਥਾਵਾਂ ਵਿੱਚ ਵੀ ਵਾਧਾ ਹੋਇਆ। ਫਿਲਮ ਵਿੱਚ ਮਿਲਖਾ ਸਿੰਘ ਨੂੰ ਇਕੋ ਡੀਕੇ ਦੋ ਕਿਲੋ ਘਿਓ ਦਾ ਭਰਿਆ ਡੱਬਾ ਪੀਂਦਾ ਵਿਖਾਇਆ ਗਿਆ। ਫਿਰ ਡੰਡ ਕੱਢ ਕੇ ਘਿਓ ਦਾ ਦੂਜਾ ਡੱਬਾ ਵੀ ਖਾਲੀ ਕਰ ਦਿੱਤਾ! ਤਮਾਸ਼ਬੀਨ ਭੰਗੜੇ ਪਾਈ ਗਏ। ਇਹ ਬੜਾ ਵਧਾ ਚੜ੍ਹਾ ਕੇ ਵਿਖਾਇਆ ਦ੍ਰਿਸ਼ ਹੈ। ਕੋਈ ਦੌੜਾਕ ਚਾਰ ਕਿਲੋ ਘਿਓ ਨਹੀਂ ਪੀ ਸਕਦਾ। ਪੀ ਲਵੇ ਤਾਂ ਹਜ਼ਮ ਨਹੀਂ ਕਰ ਸਕਦਾ। ਮੈਲਬੌਰਨ ਦੀਆਂ ਓਲੰਪਿਕ ਖੇਡਾਂ ਸਮੇਂ ਗੋਰੀ ਕੁੜੀ ਨਾਲ ਇਸ਼ਕ ਮੁਸ਼ਕ ਵੀ ਫਿਲਮੀ ਇਸ਼ਕ ਹੈ। ਉਹਦਾ ਇਸ਼ਕ ਤਾਂ ਕੇਵਲ ਨਿਰਮਲ ਸੈਣੀ ਨਾਲ ਹੀ ਹੋਇਆ ਸੀ ਜੋ ਵਿਆਹ ਕਰਾਉਣ ਨਾਲ ਨੇਪਰੇ ਚੜ੍ਹਿਆ।

ਮਿਲਖਾ ਸਿੰਘ ਦੀ ਵਡਿਆਈ ਇਸ ਤੱਥ ਵਿੱਚ ਨਹੀਂ ਕਿ ਉਸ ਨੇ ਪਹਿਲਾ ਓਲੰਪਿਕ ਰਿਕਾਰਡ ਤੋੜਿਆ ਜਾਂ ਭਾਰਤ ਲਈ ਕਾਮਨਵੈਲਥ ਤੇ ਏਸ਼ਿਆਈ ਖੇਡਾਂ ਦੇ ਪੰਜ ਗੋਲਡ ਮੈਡਲ ਜਿੱਤੇ। ਉਸ ਦੀ ਵਡਿਆਈ ਤਾਂ ਇਸ ਤੱਥ ਵਿੱਚ ਹੈ ਕਿ 1947 ਦੀ ਵੱਢ-ਟੁੱਕ ਵਿੱਚ ਯਤੀਮ ਹੋਏ ਉਸ ਬਾਲਕ ਨੇ ਬਿਪਤਾਵਾਂ ਦੇ ਦੌਰ 'ਚੋਂ ਗੁਜ਼ਰਦਿਆਂ ਬਿਨਾਂ ਖੇਡ ਸਹੂਲਤਾਂ ਦੇ ਏਸ਼ੀਆ ਦਾ ਬੈੱਸਟ ਅਥਲੀਟ ਬਣ ਵਿਖਾਇਆ। ਉਹ ਫੀਨੈਕਸ ਵਾਂਗ ਆਪਣੀ ਰਾਖ 'ਚੋਂ ਉੱਗਿਆ। ਉਸ ਨੇ ਤਨ ਮਨ ਦੀ ਅੰਦਰਲੀ ਅੱਗ ਨੂੰ ਆਪੇ ਸੀਖ ਲਾਈ। ਧੁਖਿਆ, ਤਪਿਆ, ਬਲਿਆ ਤੇ ਚਾਨਣ ਮੁਨਾਰਾ ਬਣਿਆ! ਉਸ ਦੀ ਜੀਵਨੀ 'ਤੇ ਬਣੀ ਫਿਲਮ ਵੀ ਇਹੋ ਸੰਦੇਸ਼ ਦਿੰਦੀ ਹੈ ਕਿ ਜੁਆਨੋ ਉਠੋ, ਆਪਣੇ ਅੰਦਰਲੇ ਨੂੰ ਜਗਾਓ, ਸਖ਼ਤ ਮਿਹਨਤ ਕਰੋ ਤੇ ਕੁਝ ਕਰ ਕੇ ਵਿਖਾਓ। ਜੋ ਕੁਝ ਮਾੜੀਆਂ ਹਾਲਤਾਂ ਵਿਚ ਮਾੜਚੂ ਜਿਹੇ ਸਰੀਰ ਦੇ ਮਿਲਖਾ ਸਿੰਘ ਨੇ ਕੀਤਾ ਤੁਸੀਂ ਉਸ ਤੋਂ ਚੰਗੇਰੀਆਂ ਹਾਲਤਾਂ 'ਚ ਜੰਮ ਪਲ ਕੇ ਕਿਉਂ ਨਹੀਂ ਕਰ ਸਕਦੇ? ਕਰ ਸਕਦੇ ਹੋ ਜੇ ਨਿਸ਼ਚੈ ਕਰ ਆਪਣੀ ਜੀਤ ਕਰੋ ਦਾ ਦ੍ਰਿੜ ਇਰਾਦਾ ਧਾਰ ਲਵੋ। ਮਿਲਖਾ ਸਿੰਘ ਨਵੀਆਂ ਪੀੜ੍ਹੀਆਂ ਲਈ ਪ੍ਰੇਰਨਾ ਦਾ ਸੋਮਾ ਹੈ। ਭੁੱਲੇ ਭਟਕਿਆਂ ਦਾ ਰਾਹ ਦਸੇਰਾ। ਖਿਡਾਰੀਆਂ ਲਈ ਰੋਲ ਮਾਡਲ।

ਮਿਲਖਾ ਸਿੰਘ ਦੇ ਸ਼ਬਦਾਂ ਵਿੱਚ ਭਾਰਤ 'ਚ ਟੇਲੈਂਟ ਦੀ ਘਾਟ ਨਹੀਂ। ਘਾਟ ਹੈ ਤਾਂ ਦ੍ਰਿੜ ਇਰਾਦੇ ਦੀ ਹੈ, ਅਨੁਸਾਸ਼ਨ ਦੀ ਤੇ ਸਖ਼ਤ ਮਿਹਨਤ ਦੀ। ਘਾਟ ਕਥਨੀ ਦੀ ਨਹੀਂ, ਕਰਨੀ ਦੀ ਹੈ। ਗੱਲੀਂ ਬਾਤੀਂ ਸਾਡੇ ਅਖੌਤੀ ਨੇਤਾ 'ਮਹਾਨ' ਕਹੇ ਜਾਂਦੇ ਹਨ ਪਰ ਨਿਬੇੜੇ ਤਾਂ ਅਮਲਾਂ 'ਤੇ ਹੀ ਹੋਣੇ ਹੁੰਦੇ ਹਨ! ਪਿੜ ਭਾਵੇਂ ਖੇਡਾਂ ਦਾ ਹੋਵੇ, ਸਿਆਸਤ ਦਾ ਹੋਵੇ, ਸਰਵਿਸ ਦਾ ਜਾਂ ਕਿਸੇ ਵੀ ਕਾਰੋਬਾਰ ਦਾ ਹੋਵੇ, ਨਿਤਾਰਾ ਅਮਲਾਂ ਨੇ ਹੀ ਕਰਨਾ ਹੁੰਦੈ। ਭਾਰਤ ਦੀ ਬਦਬਖਤੀ ਹੈ ਕਿ ਏਥੇ ਕਿਰਤ ਦੇ ਲੁਟੇਰੇ ਮੌਜਾਂ ਮਾਣ ਰਹੇ ਨੇ ਤੇ ਕਿਰਤੀ ਭੁੱਖੇ ਮਰਨ ਡਹੇ ਨੇ। ਗ਼ਰੀਬਾਂ ਨੂੰ ਦੋ ਮੰਨੀਆਂ ਦਾ ਫਿਕਰ ਹੈ ਜਦ ਕਿ ਅਮੀਰਾਂ ਤੋਂ ਅਣਮਿਣੀ ਦੌਲਤ ਸਾਂਭ ਨਹੀਂ ਹੁੰਦੀ। ਸਿੱਟੇ ਵਜੋਂ ਗ਼ਰੀਬ ਹੋਰ ਗ਼ਰੀਬ ਹੋਈ ਜਾਂਦੇ ਨੇ ਤੇ ਅਮੀਰ ਹੋਰ ਅਮੀਰ! ਫਿਰ ਵੀ ਭਾਰਤ ਲਈ ਖੇਡਾਂ ਦੇ ਜਿੰਨੇ ਮੈਡਲ ਗ਼ਰੀਬ ਘਰਾਂ ਦਿਆਂ ਬੱਚਿਆਂ ਨੇ ਜਿੱਤੇ ਹਨ ਅਮੀਰ ਘਰਾਂ ਦੇ ਲਾਡਲਿਆਂ ਨੇ ਉਹਦਾ ਦਸਵਾਂ ਹਿੱਸਾ ਵੀ ਨਹੀਂ ਜਿੱਤੇ।

ਇਕ ਕਿਸਾਨ ਘਰ ਦਾ ਜੰਮਪਲ ਹੋ ਕੇ, ਅਨਾਥ ਹੋ ਕੇ, ਬਚਪਨ ਟੁਕੜੇ ਟੁਕੜੇ ਕਰਾ ਕੇ, ਉਜੜ ਪੁੱਜੜ ਕੇ, ਜੇਲ੍ਹ ਜਾ ਕੇ, ਅੰਤਾਂ ਦੀਆਂ ਔਖਿਆਈਆਂ 'ਚੋਂ ਲੰਘ ਕੇ, ਵੱਡੀ ਉਮਰ 'ਚ ਦੌੜ ਸ਼ੁਰੂ ਕਰ ਕੇ ਤੇ ਫਿਰ ਵੀ ਦੌੜ ਦਾ ਬਾਦਸ਼ਾਹ ਬਣ ਕੇ ਜੋ ਮਿਸ਼ਾਲ ਮਿਲਖਾ ਸਿੰਘ ਨੇ ਜਗਾਈ ਉਸ ਨੂੰ ਸਲਾਮ ਹੈ! ਇਹੋ ਮਿਸ਼ਾਲ ਹਰ ਬੱਚੇ ਨੂੰ, ਜੁਆਨ ਨੂੰ, ਇਨਸਾਨ ਨੂੰ ਉੱਚੀਆਂ ਉਡਾਰੀਆਂ ਭਰਨ ਲਈ ਉਕਸਾ ਸਕਦੀ ਹੈ। ਉਨ੍ਹਾਂ ਲਈ ਰਾਹਦਸੇਰਾ ਹੋ ਸਕਦੀ ਹੈ, ਰਹਿਬਰ ਬਣ ਸਕਦੀ ਹੈ। ਮਿਲਖਾ ਸਿੰਘ ਦੀ ਦੌੜ ਕੇਵਲ ਛੋਹਲੇ ਕਦਮਾਂ ਦੀ ਦੌੜ ਨਹੀਂ ਬਲਕਿ ਹਰ ਬਾਲਕ ਅੰਦਰ ਛੁਪੀਆਂ ਪਈਆਂ ਬੇਅੰਤ ਸੰਭਾਵਨਾਵਾਂ ਜਗਾਉਣ ਦੀ ਦੌੜ ਹੈ। ਬੱਸ ਦ੍ਰਿੜ ਇਰਾਦਾ, ਲਗਾਤਾਰ ਲਗਨ ਤੇ ਅਣਥੱਕ ਮਿਹਨਤ ਮਿਲਖਾ ਸਿੰਘ ਵਰਗੀ ਹੋਣੀ ਚਾਹੀਦੀ ਹੈ। ਫਿਰ ਦਿੱਲੀ ਦੂਰ ਨਹੀਂ!

principalsarwansinghégmail.com

## (ਜਿਉਂਦੇ ਨਾਲ ਗਦਾਰੀ)

ਕੱਲਯੁਗ ਦਾ ਸਮਾਂ ਆਇਆ,
ਆਪਣਾ ਲੱਗਦਾ ਹੈ ਪਰਾਇਆ,
ਜਿਉਂਦੀ ਦੀ ਇੱਜ਼ਤ ਰੋਲਤੀ,
ਮਰਿਆਂ ਦਾ ਭੋਗ ਪਾਇਆ,
ਘੋਰ ਕੱਲਯੁਗ ਦੋਸਤੋ ਆਇਆ!
ਜਿਉਂਦੀ ਨੂੰ ਅੰਨ ਨਾ ਪਾਣੀ,
ਮਰਗੀ ਸਾਡੀ ਜਲੇਬੀਆਂ ਖਾਣੀ,
ਰੱਬਾ ਕੀ ਕਹਿਰ ਆਇਆ,
ਆਪਣਾ ਹੋਇਆ ਇੱਥੇ ਪਰਾਇਆ!
ਜਿਉਂਦੇ ਨਾਲ ਕੀਤੀ ਗਦਾਰੀ,
ਜਾਇਦਾਦ ਲੈ ਗਿਆ ਸਾਰੀ,
ਭੋਰਾ ਤਰਸ ਸਕਿਆਂ ਨਾ ਆਇਆ,
ਅੰਤ ਮਿੱਟੀ ਵਿਚ ਦਫਨਾਇਆ!
ਬੰਦੇ ਨਾਲ ਕੋਈ ਨਹੀਂ ਪਿਆਰ,
ਸਭ ਕੀਤੇ ਬੰਦਿਆ ਦਰ ਕਿਨਾਰ,
ਆਪਣਾ ਵੀ ਹੋਇਆ ਮਿੱਤਰੋ ਪਰਾਇਆ,
ਕੱਲਯੁਗ ਬਹੁਤਾ ਕਹਿਰ ਢਾਇਆ!
ਜਿਉਂਦਿਆਂ ਨਾਲ ਨਾ ਕਰੀਏ ਗਦਾਰੀ,
ਆਉਣੀ "ਰਾਜ ਚੰਡੀਗੜ" ਵਾਲੇ ਤੇਰੀ ਵੀ ਵਾਰੀ,
ਕਿਉਂ ਹੰਕਾਰੀ ਵਿਵਸਥਾ ਵਿਚ ਆਇਆ,
ਟੋਆ ਆਪਣੇ ਲਈ ਆਪ ਬਣਾਇਆ!

ਲੇਖਕ – ਰਾਜਵਿੰਦਰ ਸਿੰਘ ਗੱਡੂ "ਰਾਜ"










